# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 21.12.2018 ਨੂੰ ਦੁਪਹਿਰ 2.00 ਵਜੇ

ਅੱਜ ਮਿਤੀ 21.12.2018 ਨੂੰ ਦੁਪਹਿਰ 2.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 9 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 10 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 17 | ਦਰਸ਼ਨ ਕੁਮਾਰ | 20 | ਕੌਂਸਲਰ |
| 18 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 19 | ਸੁਖਮਿੰਦਰ ਸਿੰਘ | 22 | ਕੌਂਸਲਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 22 | ਦਰਸ਼ਨਾ ਰਾਣੀ | 26 | ਕੌਂਸਲਰ |
| 23 | ਰਾਜ ਕੁਮਾਰ | 27 | ਕੌਂਸਲਰ |
| 24 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਜਗਰਾਜ ਸਿੰਘ | 36 | ਕੌਂਸਲਰ |
| 29 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 30 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 31 | ਛਿੰਦਰ ਕੌਰ | 40 | ਕੌਂਸਲਰ |
| 32 | ਅੰਜਨਾ ਰਾਣੀ | 41 | ਕੌਂਸਲਰ |
| 33 | ਪ੍ਰਦੀਪ ਗੋਇਲ | 42 | ਕੌਂਸਲਰ |
| 34 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 35 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 36 | ਸੁਖਵਿੰਦਰ ਕੌਰ | 45 | ਕੌਂਸਲਰ |
| 37 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 38 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਨਗਰ ਨਿਗਮ ਦੇ ਨੁਮਾਇੰਦਿਆਂ ਵੱਲੋਂ ਇੱਕ ਮੁਰਦਾ ਪਸ਼ੂ ਉਹਨਾਂ ਦੇ ਨਿੱਜੀ ਪਲਾਟ ਵਿੱਚ ਦੱਬ ਦਿੱਤਾ ਗਿਆ। ਇਸ ਨਾਲ ਉਹਨਾਂ ਨੂੰ ਬਹੁਤ ਜਿਆਦਾ ਦਿੱਕਤ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਇਸ ਮੁਰਦਾ ਪਸ਼ੂ ਨੂੰ ਉਸ ਪਲਾਟ ਵਿੱਚੋਂ ਕਢਵਾ ਕੇ ਕਿਸੇ ਹੋਰ ਜਗ੍ਹਾ ਦੱਬਣ ਲਈ ਬੇਨਤੀ ਕੀਤੀ। ਉਹਨਾਂ ਇਹ ਵੀ ਕਿਹਾ ਕਿ ਲੜੀ ਨੰ: 6 ਦੇ ਸਬ-ਲੜੀ ਨੰ: 9 ਤੇ ਦਰਜ਼ " ਪ੍ਰੋਵ: ਐਂਡ ਲੇਇੰਗ ਪੀ.ਸੀ. ਇਨ ਸਟਰੀਟ ਨੰ: 2 ਹਰੀ ਨਗਰ ਐਂਡ ਨੀਅਰ ਬੀਕਾਨੇਰ ਫਾਟਕ" ਦੇ ਕੰਮ ਦਾ ਨਾਮ ਬਦਲ ਕੇ ਪ੍ਰੋਵ: ਐਂਡ ਲੇਇੰਗ ਪੀ.ਸੀ. ਇਨ ਸਟਰੀਟ ਨੰ: 2 ਹਰੀ ਨਗਰ

ਅਤੇ ਸੰਗੂਆਣਾ ਬਸਤੀ ਮੇਨ ਰੋਡ, ਡਾ: ਰਾਜ ਕੁਮਾਰ ਵਾਲੀ ਗਲੀ ਕੀਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਕਰਮਚਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਜੱਦ ਵੀ ਉਹਨਾਂ ਦੇ ਵਾਰਡ ਵਿੱਚ ਕੋਈ ਵਿਕਾਸ ਦਾ ਕੰਮ ਕਰਨ ਲਈ ਕਿਹਾ ਜਾਂਦਾ ਹੈ ਤਾਂ ਦਫਤਰ ਦੇ ਕਰਮਚਾਰੀਆਂ ਵੱਲੋਂ ਕਿਹਾ ਜਾਂਦਾ ਹੈ ਕਿ ਪਹਿਲਾਂ ਮੌਕਾ ਦੇਖਿਆ ਜਾਵੇਗਾ। ਉਹਨਾਂ ਦਸਿਆ ਕਿ ਉਹਨਾਂ ਵੱਲੋਂ ਪਿਛਲੇ 4 ਸਾਲਾਂ ਤੋਂ ਸੁਭਾਸ਼ ਬਸਤੀ ਦਾ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ। ਪਰੰਤੂ ਉਕਤ ਬਸਤੀ ਦਾ ਅਜੇ ਤੱਕ ਕੰਮ ਨਹੀਂ ਕੀਤਾ ਗਿਆ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਬਣਦਾ ਕੰਮ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਉਨ੍ਹਾਂ ਦੇ ਵਾਰਡ ਦੀਆਂ ਕੁੱਝ ਗਲੀਆਂ ਵਿੱਚ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਪੈਣ ਵਾਲੀਆਂ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਜਲਦ ਹੀ ਮਿਸਿੰਗ ਲਿੰਕ ਕਵਰ ਕਰਨ ਦੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਪੁੱਛਿਆ ਕਿ ਨਗਰ ਨਿਗਮ ਵੱਲੋਂ ਸੰਗੂਆਣਾ ਟੋਭੇ ਤੇ ਜੋ ਚਾਰਦੀਵਾਰੀ ਕੀਤੀ ਜਾ ਰਹੀ ਸੀ, ਇਹ ਕੰਮ ਵਿਚਾਲੇ ਹੀ ਕਿਉਂ ਛੱਡ ਦਿੱਤਾ ਗਿਆ ਹੈ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਕੰਮ ਦੀ Length ਚੈਕ ਕਰਨ ਉਪਰੰਤ ਰਹਿੰਦਾ ਕੰਮ ਵੀ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਨਿਗਮ ਵੱਲੋਂ ਪਰਸ ਰਾਮ ਨਗਰ ਮੇਨ ਰੋਡ ਬਣਵਾਈ ਜਾ ਰਹੀ ਹੈ। ਇਸ ਦੋਰਾਨ ਗਲੀ ਨੰ: 25 ਵਿੱਚ ਪੀ.ਸੀ. ਪਾਉਣ ਲਈ ਡਬਲ ਲੇਅਰ ਵੀ ਪਾ ਦਿੱਤੀ ਗਈ ਹੈ। ਪਰੰਤੂ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਨਾ ਪਾਉਣ ਕਾਰਨ ਫਿਰ ਤੋਂ ਸੜ੍ਹਕ ਪੁੱਟਣੀ ਪਵੇਗੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਮਿਤੀ 31.12.2018 ਤੋਂ ਨਗਰ ਨਿਗਮ ਵੱਲੋਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਮੈਨਟੀਨੈਂਸ ਦਾ ਕੰਮ ਆਪਣੇ ਪੱਧਰ ਤੇ ਲਿਆ ਜਾ ਰਿਹਾ ਹੈ। ਇਸ ਉਪਰੰਤ ਕੰਮ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਗਲੀ ਨੰ: 29 ਵਿੱਚ ਪਾਣੀ ਅਤੇ ਸੀਵਰੇਜ਼ ਦੀ ਸੁਵਿਧਾ ਦਿੱਤੀ ਜਾਣੀ ਹੈ, ਪਰੰਤੂ ਪੱਥਰ ਪਹਿਲਾਂ ਹੀ ਪਾ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਕਿਸੇ ਵੀ ਵਾਰਡ ਵਿੱਚ ਵਿਕਾਸ ਦਾ ਕੋਈ ਵੀ ਕੰਮ ਕਰਵਾਉਣ ਤੋਂ ਪਹਿਲਾਂ ਸਬੰਧਤ ਕੌਂਸਲਰ ਨੂੰ ਕਿਉਂ ਨਹੀਂ ਦਸਿਆ ਜਾਂਦਾ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸ਼੍ਰੀ ਕਮਲ ਰਾਮ, ਜੂਨੀਅਰ ਇੰਜੀਨੀਅਰ ਨੂੰ ਸ਼੍ਰੀ ਗੁਰਸੇਵਕ ਸਿੰਘ ਮਾਨ ਅਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ ਦੇ ਵਾਰਡ ਵਿੱਚ ਪਾਣੀ ਅਤੇ ਸੀਵਰੇਜ਼ ਦਾ ਕੰਮ ਕਰਵਾਉਣ ਦੀ ਹਦਾਇਤ ਕੀਤੀ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਬੀਬੀ ਵਾਲਾ ਰੋਡ ਤੇ ਬਣੇ ਲੇਡੀਜ਼ ਪਬਲਿਕ ਟਾਇਲਟ ਦੇ ਨਾਲ ਇੱਕ ਸਬਜੀ ਵਾਲਾ ਬੈਠਦਾ ਹੈ। ਇਸ ਨਾਲ ਕਈ ਵਾਰ ਲੇਡੀਜ਼ ਦਾ ਉਸ ਟਾਇਲਟ ਵਿੱਚ ਜਾਣਾ ਔਖਾ ਹੋ ਜਾਂਦਾ ਹੈ। ਉਹਨਾਂ ਦਸਿਆ ਕਿ ਉਨ੍ਹਾਂ ਵੱਲੋਂ ਕਈ ਵਾਰ ਇਸ ਸਬੰਧੀ ਸ਼ਿਕਾਇਤ ਵੀ ਕੀਤੀ ਗਈ ਹੈ। ਪਰੰਤੂ ਤਹਿਬਾਜਾਰੀ ਸ਼ਾਖਾ ਦੇ ਕਿਸੇ ਵੀ ਕਰਮਚਾਰੀ ਵੱਲੋਂ ਉਨ੍ਹਾਂ ਦੀ ਗੱਲ ਨਹੀਂ ਸੁਣੀ ਜਾ ਰਹੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਨਿਗਮ ਵਿਖੇ ਤੈਨਾਤ ਤਹਿਬਾਜਾਰੀ ਵਿੰਗ ਵਿੱਚ ਕਰਮਚਾਰੀਆ ਦੀ ਘਾਟ ਹੋਣ ਕਾਰਨ ਇਹ ਵਿੰਗ ਬਹੁਤ ਹੀ ਕਮਜ਼ੋਰ ਹੈ। ਉਹਨਾਂ ਦਸਿਆ ਕਿ ਸ਼ਹਿਰ ਵਿੱਚ ਵੱਧ ਰਹੀਆਂ ਅਣ-ਅਧਿਕਾਰਤ ਦੱਬਾਂ ਨੂੰ ਦੇਖਦੇ ਹੋਏ 10 ਕਰਮਚਾਰੀ ਜੋ ਕਾਊ ਕੈਚਰ ਲਈ ਲਗਾਏ ਗਏ ਸਨ, ਹੁਣ ਉਨ੍ਹਾਂ ਨੂੰ ਤਹਿਬਾਜਾਰੀ ਸ਼ਾਖਾ ਵਿੱਚ ਲਗਾ ਦਿੱਤਾ ਗਿਆ ਹੈ। ਜਲਦ ਹੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਦੈਨਿਕ ਭਾਸਕਰ ਅਖਬਾਰ ਦਿਖਾਉਂਦੇ ਹੋਏ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲਾ ਪਾਣੀ ਕਾਲੇ ਰੰਗ ਦਾ ਆ ਰਿਹਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਨੇ ਕਿਹਾ ਕਿ ਆਪਦੀ ਗੱਲ ਵਾਜ਼ਬ ਹੈ। ਉਹਨਾਂ ਦਸਿਆ ਕਿ ਪੀਣ ਵਾਲੇ ਪਾਣੀ ਦੇ ਟੈਂਕਾਂ ਦੀ ਡੀ-ਸਿਲਟਿੰਗ ਕਰਨ ਖਾਤਰ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਨਾਲ ਡਿਸਕਸ ਕੀਤਾ ਜਾ ਚੁੱਕਾ ਹੈ। ਜਲਦ ਹੀ ਡੀ-ਸਿਲਟਿੰਗ ਕਰਨ ਉਪਰੰਤ ਸਮੱਸਿਆ ਦਾ ਹੱਲ ਹੋ ਜਾਵੇਗਾ।

ਸ਼੍ਰੀ ਜਸਵੀਰ ਸਿੰਘ, ਕੌਂਸਲਰ ਨੇ ਕਿਹਾ ਕਿ ਹਰੇਕ ਐਤਵਾਰ ਨੂੰ ਕਈ ਲੋਕਾਂ ਵੱਲੋਂ ਅਮਰੀਕ ਸਿੰਘ ਰੋਡ ਤੇ ਸੰਡੇ ਬਾਜਾਰ ਲਗਾਇਆ ਜਾਂਦਾ ਹੈ। ਇਸ ਨਾਲ ਹਰ ਐਤਵਾਰ ਨੂੰ ਅਮਰੀਕ ਸਿੰਘ ਰੋਡ ਤੇ ਬਹੁਤ ਜਿਆਦਾ ਭੀੜ ਹੋਣ ਕਾਰਨ ਹਾਦਸੇ ਹੁੰਦੇ ਹਨ ਅਤੇ ਆਮ ਪਬਲਿਕ ਨੂੰ ਵੀ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਅਮਰੀਕ ਸਿੰਘ ਰੋਡ ਤੇ ਲਾਇਨਿੰਗ ਲਗਾਉਣ ਦੀ ਮੰਗ ਕੀਤੀ, ਤਾਂ ਜੋ ਭੀੜ ਕਾਰਨ ਕੋਈ ਹਾਦਸਾ ਨਾ ਵਾਪਰੇ। ਇਸਤੋਂ ਇਲਾਵਾ ਇਸ ਜਗ੍ਹਾ ਟ੍ਰੈਫਿਕ ਪੁਲਿਸ ਦੇ ਕਰਮਚਾਰੀਆਂ ਦੀ ਵੀ ਤੈਨਾਤੀ ਕਰਵਾਈ ਜਾਵੇ। ਉਹਨਾਂ ਇਹ ਵੀ ਦਸਿਆ ਕਿ ਇਹਨਾਂ ਫੜੀਆਂ ਲੱਗਣ ਵਾਲੀ ਥਾਂ ਤੇ ਨਿਗਮ ਵੱਲੋਂ ਸਫਾਈ ਦਾ ਵੀ ਪ੍ਰਬੰਧ ਕਰਵਾਇਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਨੇ ਕਿਹਾ ਕਿ ਨਿਗਮ ਵਿਖੇ ਤੈਨਾਤ ਤਹਿਬਾਜਾਰੀ ਵਿੰਗ ਕਰਮਚਾਰੀਆਂ ਦੀ ਘਾਟ ਹੋਣ ਕਾਰਨ ਬਹੁਤ ਹੀ ਕਮਜ਼ੋਰ ਹੈ। ਉਹਨਾਂ ਦਸਿਆ ਕਿ ਉਹ ਜਲਦ ਹੀ ਤਹਿਬਾਜਾਰੀ ਵਿੰਗ ਨੂੰ ਮਜ਼ਬੂਤ ਕਰਨ ਜਾ ਰਹੇ ਹਨ। ਇਸ ਉਪਰੰਤ ਆ ਰਹੀ ਮੁਸ਼ਕਿਲ ਦਾ ਹੱਲ ਕਰ ਦਿੱਤਾ ਜਾਵੇਗਾ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਜ਼ੋਨ ਨੰਬਰ 6 ਲਈ ਰਿਪੇਅਰ ਦੇ ਕੰਮ ਦੇ ਟੈਂਡਰ ਲਗਾਏ ਗਏ ਸਨ, ਪਰੰਤੂ ਅਜੇ ਤੱਕ ਉਹਨਾਂ ਦੇ ਵਾਰਡ ਵਿੱਚ ਕੋਈ ਵੀ ਕੰਮ ਨਹੀਂ ਕੀਤਾ ਗਿਆ। ਉਹਨਾਂ ਦਸਿਆ ਕਿ ਮਾਹ ਸਤੰਬਰ 2018 ਵਿੱਚ ਉਹਨਾਂ ਦੇ ਏਰੀਏ ਵਿੱਚ ਠੇਕੇਦਾਰ ਵੱਲੋਂ ਕੰਮ ਸ਼ੁਰੂ ਕੀਤਾ ਗਿਆ ਸੀ, ਪਰੰਤੂ ਠੇਕੇਦਾਰ ਵੱਲੋਂ ਸਿਰਫ ਦੋ ਹੀ ਰੋਡ ਜਾਲੀਆਂ ਬਣਾ ਕੇ ਕੰਮ ਵਿਚਾਲੇ ਛੱਡ ਦਿੱਤਾ ਗਿਆ। ਉਹਨਾਂ ਕਿਹਾ ਕਿ ਕਿਉਂ ਜੋ ਠੇਕੇਦਾਰ ਵੱਲੋਂ ਕੰਮ ਨਹੀਂ ਕੀਤਾ ਗਿਆ, ਇਸ ਲਈ ਇਸ ਠੇਕੇਦਾਰ ਨੂੰ ਅਦਾਇਗੀ ਨਾ ਕੀਤੀ ਜਾਵੇ ਅਤੇ ਇਸ ਠੇਕੇਦਾਰ ਨੂੰ ਬਲੈਕ ਲਿਸਟ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਉਹਨਾਂ ਦੇ ਵਾਰਡ ਦੀ ਗਲੀ ਨੰ: 21/3 ਅਤੇ 21/4 ਵਿੱਚ ਰਹਿੰਦੇ ਵਿਕਾਸ ਦੇ ਕੰਮ ਕਰਾਉਣਾ ਵੀ ਮਜ਼ੀਦ ਪਾਸ ਕੀਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਮਿਤੀ 17.11.2018 ਤੋਂ 17.12.2018 ਤੱਕ ਹੋਈ ਨਹਿਰ ਬੰਦੀ ਦੌਰਾਨ ਪਬਲਿਕ ਹੈਲਥ ਦੇ ਸ਼੍ਰੀ ਅੰਮ੍ਰਿਤਦੀਪ ਸਿੰਘ ਭੱਠਲ, ਐਸ.ਡੀ.ਓ ਅਤੇ ਸ਼੍ਰੀ ਟੇਕ ਸਿੰਘ ਜੇ.ਈ ਦੇ ਯਤਨਾ ਸਦਕਾ ਉਹਨਾਂ ਦੇ ਵਾਰਡ ਵਿੱਚ ਸਾਰਾ ਮਹੀਨਾ ਪੀਣ ਵਾਲੇ ਪਾਣੀ ਦੀ ਕਿਸੇ ਨੂੰ ਕੋਈ ਸਮੱਸਿਆ ਨਹੀਂ ਆਈ। ਉਹਨਾਂ ਵੱਲੋਂ ਇੰਨ੍ਹਾਂ ਅਧਿਕਾਰੀਆਂ ਨੂੰ ਸਨਮਾਨਤ ਕਰਨ ਦੀ ਬੇਨਤੀ ਕੀਤੀ। ਇਸਤੇ ਹਾਊਸ ਵੱਲੋਂ ਇੰਨ੍ਹਾਂ ਦੋਵੇਂ ਅਧਿਕਾਰੀਆਂ ਨੂੰ ਸਨਮਾਨਤ ਕੀਤਾ ਗਿਆ।

ਮੀਟਿੰਗ ਵਿੱਚ ਮਿਊਂਸਪਲ ਸਫਾਈ ਵਰਕਰ ਯੂਨੀਅਨ ਦੇ ਪ੍ਰਧਾਨ ਸ਼੍ਰੀ ਵਿਨੋਦ ਕੁਮਾਰ ਮਾਲੀ ਅਤੇ ਉਹਨਾਂ ਦੇ ਨੁਮਾਇੰਦੇ ਸ਼੍ਰੀ ਰਾਮ ਚਰਨ, ਸ਼੍ਰੀ ਮਗਨ ਭਾਰਤੀ ਅਤ ਹੋਰ ਮੈਂਬਰ ਪੇਸ਼ ਹੋਏ ਅਤੇ ਉਹਨਾਂ ਵੱਲੋਂ ਬੇਨਤੀ ਕੀਤੀ ਗਈ ਕਿ ਕਈ ਸਫਾਈ ਕਰਮਚਾਰੀ ਰਿਟਾਇਰ ਹੋ ਚੁੱਕੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਭਰਤੀ ਨਾ ਹੋਣ ਕਾਰਨ ਕਾਫੀ ਬੀਟਾਂ ਖਾਲੀ ਹੋਣ ਕਾਰਨ ਸਫਾਈ ਕਰਮਚਾਰੀ ਦੇ ਨਾ ਪੁੱਜਣ ਤੇ ਸਫਾਈ ਦੇ ਕੰਮ ਵਿੱਚ ਬਹੁਤ ਜਿਆਦਾ ਦਿੱਕਤ ਪੇਸ਼ ਆਉਂਦੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਆਮ ਪਬਲਿਕ ਦੀ ਸਿਹਤ ਨੂੰ ਮੁੱਖ ਰਖਦਿਆਂ ਆਪਣੇ ਆਲੇ-ਦੁਆਲੇ ਨੂੰ ਸਾਫ ਸੁਥਰਾ ਰੱਖਣ ਦਾ ਹਰ ਯਤਨ ਕੀਤਾ ਜਾ ਰਿਹਾ ਹੈ। ਹਰ ਵਾਰਡ ਵਿੱਚ ਸਫਾਈ ਸੁੱਚਜੇ ਢੰਗ ਨਾਲ ਹੋ ਸਕੇ, ਇਸ ਖਾਤਰ 328 ਸਫਾਈ ਕਰਮਚਾਰੀ ਜਲਦ ਤੋਂ ਜਲਦ ਭਰਤੀ ਕੀਤੇ ਜਾਣ। ਇਸ ਸਬੰਧੀ ਉਹਨਾਂ ਵੱਲੋਂ ਸਰਕਾਰ ਤੋਂ ਪ੍ਰਾਪਤ 328 ਸਫਾਈ ਕਰਮਚਾਰੀ ਰੱਖਣ ਦੀ ਮੰਨਜ਼ੂਰੀ ਸਬੰਧੀ ਪੱਤਰ ਵੀ ਪੇਸ਼ ਕੀਤਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਜਲਦ ਹੀ ਇਸ ਸਬੰਧੀ ਸਰਕਾਰ ਨੂੰ ਪੱਤਰ ਲਿਖ ਕੇ ਭਰਤੀ ਕਰ ਲਈ ਜਾਵੇਗੀ।

ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਪੁੱਛਿਆ ਕਿ ਹਾਲ ਦੀ ਘੜੀ ਨਗਰ ਨਿਗਮ ਵਿਖੇ ਕਿੰਨੇ ਸਫਾਈ ਸੇਵਕ ਕੰਮ ਕਰ ਰਹੇ ਹਨ? ਇਸਤੇ ਕਮਿਸ਼ਨਰ, ਨਗਰ ਨਿਗਮ ਨੇ ਦਸਿਆ ਕਿ ਹਾਲ ਦੀ ਘੜੀ ਨਗਰ ਨਿਗਮ ਵਿਖੇ 815 ਸਫਾਈ ਕਰਮਚਾਰੀ ਕੰਮ ਕਰ ਰਹੇ ਹਨ। ਉਹਨਾਂ ਇਹ ਵੀ ਦਸਿਆ ਕਿ ਸ਼ਹਿਰ ਵਿੱਚ ਬੀਟਾਂ ਮੁਤਾਬਿਕ ਸਫਾਈ ਕਰਮਚਾਰੀਆਂ ਦੀ ਵੰਡ ਕੀਤੀ ਗਈ ਹੈ। ਕਿਸ ਗਲੀ ਵਿੱਚ ਕਿਹੜਾ ਸਫਾਈ ਸੇਵਕ ਕੰਮ ਕਰ ਰਿਹਾ ਹੈ, ਇਸਦੀ ਲਿਸਟ ਵੀ ਤਿਆਰ ਕੀਤੀ ਗਈ ਹੈ ਜੋ ਕਿ ਹਰ ਮਿਊਂਸਪਲ ਕੌਂਸਲਰ ਨੂੰ ਜਲਦ ਹੀ ਮੁਹਈਆ ਕਰਵਾ ਦਿੱਤੀ ਜਾਵੇਗੀ। ਉਹਨਾਂ ਇਹ ਵੀ ਕਿਹਾ ਕਿ ਜਿਸ ਏਰੀਏ ਵਿੱਚ ਜਾਂ ਗਲੀ ਵਿੱਚ ਸਫਾਈ ਨਹੀਂ ਹੋ ਰਹੀ ਤਾਂ ਇਸ ਸਬੰਧੀ ਸੂਚਨਾਂ ਵਟਸਐਪ ਤੇ ਕੀਤੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਹਾਜ਼ਰੀ ਲਈ ਲਗਾਈਆਂ ਬਾਇਓਮੈਟ੍ਰਿਕ ਮਸ਼ੀਨਾਂ ਵਿੱਚੋਂ ਤਕਰੀਬਨ 50% ਮਸ਼ੀਨਾਂ ਵੀ ਖਰਾਬ ਹੋ ਚੁੱਕੀਆਂ ਹਨ, ਜਿੰਨ੍ਹਾਂ ਦੀ ਦੁਬਾਰਾ ਖਰੀਦ ਕੀਤੀ ਜਾ ਰਹੀ ਹੈ। ਉਹਨਾਂ ਦਸਿਆ ਕਿ ਅੱਜ ਦੀ ਮੀਟਿੰਗ ਵਿੱਚ 4 ਹੋਰ ਸੈਨਟਰੀ ਸੁਪਰਵਾਇਜ਼ਰਾਂ ਦੀ ਤੈਨਾਤੀ ਲਈ ਮਤਾ ਪਾਇਆ ਜਾ ਰਿਹਾ ਹੈ, ਜਿਸ ਨਾਲ ਸ਼ਹਿਰ ਦੀ ਸਫਾਈ ਲਈ ਹੋਰ ਕਰਮਚਾਰੀਆਂ ਦੀ ਤੈਨਾਤੀ ਹੋਣ ਨਾਲ ਸਫਾਈ ਕਰਾਉਣ ਵਿੱਚ ਮਦਦ ਮਿਲੇਗੀ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਨਿਗਮ ਵਿਖੇ ਤੈਨਾਤ ਕਈ ਸੈਨਟਰੀ ਸੁਪਰਵਾਇਜ਼ਰਾਂ ਵੱਲੋਂ ਉਹਨਾਂ ਦੇ ਸੀਨੀਅਰ ਸੈਨਟਰੀ ਇੰਸਪੈਕਟਰਾਂ ਜਾਂ ਚੀਫ ਸੈਨਟਰੀ ਇੰਸਪੈਕਟਰ ਦੀ ਗੱਲ ਨਹੀਂ ਮੰਨੀ ਜਾਂਦੀ, ਜਿਸ ਨਾਲ ਸਫਾਈ ਦੇ ਕੰਮ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਜਿਸ ਸੈਨਟਰੀ ਸੁਪਰਵਾਇਜ਼ਰ ਵੱਲੋਂ ਗੱਲ ਨਹੀਂ ਮੰਨੀ ਜਾ ਰਹੀ ਸੀ, ਉਸਦਾ ਪਰਖ ਕਾਲ ਸਮਾਂ 6 ਮਹੀਨੇ ਹੋਰ ਵਧਾ ਦਿੱਤਾ ਗਿਆ ਹੈ।

ਸ਼੍ਰ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਪਾਵਰ ਹਾਊਸ ਰੋਡ ਗਲੀ ਨੰ: 6/1 ਤੋਂ ਲੈ ਕੇ 6/4 ਤੱਕ 9 ਸਫਾਈ ਮੇਟ ਲਗਾਏ ਹੋਏ ਹਨ, ਜਦਕਿ ਸਫਾਈ ਕਰਮਚਾਰੀ ਘੱਟ ਹਨ। ਉਹਨਾਂ ਬੀਟ ਵਾਇਜ਼ ਸਫਾਈ ਕਰਮਚਾਰੀਆਂ ਦੀ ਲਿਸਟ ਮੰਗੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਦਸਿਆ ਕਿ ਇਸ ਸਮੇਂ ਨਗਰ ਨਿਗਮ ਵਿਖੇ ਤਕਰੀਬਨ 800 ਸਫਾਈ ਕਰਮਚਾਰੀ ਕੰਮ ਕਰ ਰਹੇ ਹਨ, ਜਿੰਨ੍ਹਾਂ ਵਿੱਚੋਂ ਕੁੱਝ ਸਫਾਈ ਮੇਟ ਲੱਗੇ ਹੋਏ ਹਨ, ਕੁੱਝ ਨੂੰ ਸ਼ਹਿਰ ਵਿੱਚੋਂ ਪਸ਼ੂਧਨ ਫੜ੍ਹਨ ਲਈ ਲਗਾਇਆ ਹੋਇਆ ਹੈ ਅਤੇ ਕੁੱਝ ਸਫਾਈ ਕਰਮਚਾਰੀਆਂ ਤੋਂ ਟ੍ਰੈਕਟਰ ਟਰਾਲੀਆਂ ਨਾਲ ਸ਼ਹਿਰ ਦਾ ਕੂੜ੍ਹਾ ਇੱਕਠਾ ਕਰਨ ਲਈ ਲਗਾਇਆ ਹੋਇਆ ਹੈ ਅਤੇ ਕੁਝ ਕਰਮਚਾਰੀਆਂ ਵੱਲੋਂ ਡੰਪ ਤੋਂ ਕੂੜ੍ਹਾ ਚੁਕਾਉਣ ਦਾ ਕੰਮ ਲਿਆ ਜਾਂਦਾ ਹੈ। ਦਫਤਰ ਨਗਰ ਨਿਗਮ ਵਿਖੇ ਵੀ ਇਹਨਾਂ ਵਿੱਚੋ ਹੀ ਸਫਾਈ ਦਾ ਕੰਮ ਕਰਵਾਇਆ ਜਾਂਦਾ ਹੈ। ਇਸਤੋਂ ਇਲਾਵਾ ਹਰ ਮਹੀਨੇ 4-5 ਸਫਾਈ ਕਰਮਚਾਰੀ ਰਿਟਾਇਰ ਵੀ ਹੋ ਰਹੇ ਹਨ ਅਤੇ ਰਾਤ ਦੇ ਸਮੇਂ ਵੀ ਸ਼ਹਿਰ ਦੇ ਬਾਜਾਰ ਸਾਫ ਕਰਨ ਖਾਤਰ ਇੰਨ੍ਹਾਂ ਵਿੱਚੋਂ ਹੀ ਕੁੱਝ ਸਫਾਈ ਕਰਮਚਾਰੀਆਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਬਠਿੰਡਾ ਸ਼ਹਿਰ ਪਹਿਲਾਂ ਨਾਲੋਂ ਕਈ ਗੁਣਾ ਜਿਆਦਾ ਵੱਧ ਚੁੱਕਿਆ ਹੈ। ਇਸਤੋਂ ਇਲਾਵਾ ਸ਼ਹਿਰ ਦੀਆਂ ਕੁੱਝ ਚੌੜੀਆਂ ਸੜ੍ਹਕਾਂ ਅਜਿਹੀਆਂ ਵੀ ਹਨ, ਜਿੰਨ੍ਹਾਂ ਤੇ ਸਫਾਈ ਕਰਮਚਾਰੀ ਨਾ ਹੋਣ ਕਾਰਨ ਠੇਕੇ ਤੇ ਵਰਕਰ ਰੱਖ ਕੇ ਸਫਾਈ ਕਰਵਾਈ ਜਾਂਦੀ ਹੈ। ਇਸ ਲਈ ਨਗਰ ਨਿਗਮ ਨੂੰ ਸਫਾਈ ਕਰਮਚਾਰੀਆਂ ਦੀ ਘਾਟ ਪੂਰੀ ਕਰਨ ਖਾਤਰ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਵੱਲੋਂ ਸਫਾਈ ਕਰਮਚਾਰੀਆਂ ਦੀ ਹਾਜ਼ਰੀ ਬਾਰੇ ਪੁੱਛਣ ਤੇ ਚੀਫ ਸੈਨਟਰੀ ਇੰਸਪੈਕਟਰ ਵੱਲੋਂ ਦਸਿਆ ਗਿਆ ਕਿ ਸਫਾਈ ਕਰਮਚਾਰੀਆਂ ਦੀ ਹਾਜ਼ਰੀ ਦਾ ਸਮਾਂ ਸਵੇਰੇ 7.00 ਵਜੇ ਤੋਂ 11.00 ਵਜੇ ਤੱਕ ਅਤੇ ਦੁਪਹਿਰ ਬਾਅਦ 1.00 ਵਜੇ ਤੋਂ ਸ਼ਾਮ 5.00 ਵਜੇ ਤੱਕ ਦਾ ਹੈ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਸਫਾਈ ਕਰਮਚਾਰੀਆਂ ਜੋ ਲਿਸਟ ਮੁਹਈਆ ਕਰਵਾਈ ਜਾ ਰਹੀ ਹੈ, ਕੀ ਦਫਤਰ ਵੱਲੋਂ ਇਹ ਕਰਮਚਾਰੀ ਮੁਹਈਆ ਕਰਵਾਏ ਜਾਣਗੇ?

ਮੀਟਿੰਗ ਵਿੱਚ ਸੀਵਰੇਜ਼ ਵਰਕਰ ਯੂਨੀਅਨ ਦੇ ਪ੍ਰਧਾਨ ਸ਼੍ਰੀ ਸ਼ਾਮ ਲਾਲ ਅਤੇ ਉਹਨਾਂ ਦੇ ਨੁਮਾਇੰਦਿਆਂ ਸ਼੍ਰੀ ਬਾਬੂ ਲਾਲ, ਸ਼੍ਰੀ ਚਿੰਨੀ ਰਾਮ, ਸ਼੍ਰੀ ਵਿਨੋਦ ਕੁਮਾਰ, ਸ਼੍ਰੀ ਇਸ਼ਵਰ ਸਿੰਘ ਅਤੇ ਹੋਰ ਨੇ ਪੇਸ਼ ਹੋ ਕੇ ਕਿਹਾ ਕਿ ਸ਼ਹਿਰ ਬਹੁਤ ਜਿਆਦਾ ਵੱਧ ਚੁੱਕਿਆ ਹੈ, ਜਦਕਿ ਸੀਵਰਮੈਨਾਂ ਦੀ ਬਹੁਤ ਜਿਆਦਾ ਘਾਟ ਹੈ। ਬਠਿੰਡਾ ਸ਼ਹਿਰ ਦਾ ਸੀਵਰੇਜ਼ ਪਹਿਲੇ ਨਾਲੋਂ ਤਕਰੀਬਨ ਤਿੰਨ ਗੁਣਾ ਹੋਰ ਏਰੀਏ ਵਿੱਚ ਪਾਉਣ ਕਾਰਨ ਬਹੁਤ ਜਿਆਦਾ ਵੱਧ ਚੁੱਕਿਆ ਹੈ। ਆਬਾਦੀ ਦੇ ਬਹੁਤ ਜਿਆਦਾ ਸੰਘਣੇ ਹੋਣ ਅਤੇ ਵਾਰ-ਵਾਰ ਸੀਵਰੇਜ਼ ਜਾਮ ਹੋਣ ਦੀਆਂ ਸ਼ਿਕਾਇਤਾਂ ਜਿਆਦਾ ਹੋਣ ਕਾਰਨ ਸੀਵਰੇਜ਼ ਸਾਫ ਕਰਨ ਵਿੱਚ ਬਹੁਤ ਜਿਆਦਾ ਦਿੱਕਤ ਪੇਸ਼ ਆਉਂਦੀ ਹੈ, ਕਿਉਂ ਜੋ ਪਿਛਲੇ ਕਾਫੀ ਲੰਬੇ ਸਮੇਂ ਤੋਂ ਸੀਵਰਮੈਨਾਂ ਦੀ ਨਵੀਂ ਭਰਤੀ ਨਾ ਹੋਣ ਕਾਰਨ ਅਤੇ ਕਈ ਕਰਮਚਾਰੀਆਂ ਦੇ ਰਿਟਾਇਰ ਹੋਣ ਕਾਰਨ ਸੀਵਰਮੈਨਾਂ ਦੀ ਗਿਣਤੀ ਬਹੁਤ ਘੱਟ

ਚੁੱਕੀ ਹੈ। ਉਹਨਾਂ ਘੱਟੋ-ਘੱਟ 200 ਹੋਰ ਸੀਵਰਮੈਨ ਭਰਤੀ ਕਰਨ ਦੀ ਮੰਗ ਕੀਤੀ, ਤਾਂ ਜੋ ਕੇਂਦਰ ਸਰਕਾਰ ਦੇ ਸਵੱਛ ਭਾਰਤ ਦੇ ਸੁਪਨੇ ਨੂੰ ਸਹੀ ਰੂਪ ਵਿੱਚ ਸਾਕਾਰ ਕੀਤਾ ਜਾ ਸਕੇ ਅਤੇ ਪੰਜਾਬ ਸਰਕਾਰ ਦੇ ਤੰਦਰੁਸਤ ਪੰਜਾਬ ਮਿਸ਼ਨ ਨੂੰ ਵੀ ਨੇਪਰੇ ਚੜਾਇਆ ਜਾ ਸਕੇ। ਉਹਨਾਂ ਇਹ ਵੀ ਮੰਗ ਕੀਤੀ ਕਿ ਨਗਰ ਨਿਗਮ ਵੱਲੋਂ ਜੋ 48 ਸੀਵਰਮੈਨ ਰੱਖਣ ਖਾਤਰ ਮਤਾ ਪਾਇਆ ਹੋਇਆ ਹੈ, ਉਹਨਾਂ ਨੂੰ ਜਲਦ ਤੋਂ ਜਲਦ ਡੇਲੀ ਵੇਜ਼ਿਜ਼ ਤੇ ਕਨਫਰਮ ਕੀਤਾ ਜਾਵੇ। ਇਸਤੋਂ ਇਲਾਵਾ ਜਿੰਨ੍ਹਾਂ ਸੀਵਰਮੈਨਾਂ ਦੀ ਮੌਤ ਹੋ ਚੁੱਕੀ ਹੈ, ਉਹਨਾਂ ਦੀ ਥਾਂ ਤੇ ਤਰਸ ਦੇ ਆਧਾਰ ਤੇ ਭਰਤੀ ਜਲਦੀ ਕੀਤੀ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਭਰੋਸਾ ਦਿਵਾਇਆ ਕਿ ਜਲਦ ਹੀ ਸਰਕਾਰ ਪਾਸ ਤੁਹਾਡੀ ਮੰਗ ਨੂੰ ਭੇਜ ਦਿੱਤਾ ਜਾਵੇਗਾ ਅਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਗਈ ਕਿ ਸੀਵਰਮੈਨ ਯੂਨੀਅਨ ਦੀਆਂ ਨਿਗਮ ਪੱਧਰ ਤੇ ਪੂਰੀਆਂ ਕੀਤੀਆਂ ਜਾਣ ਵਾਲੀਆਂ ਮੰਗਾਂ ਨੂੰ ਪੂਰਾ ਕਰਨ ਦਾ ਹਰ ਯਤਨ ਕੀਤਾ ਜਾਵੇ ਅਤੇ ਜੋ ਮੰਗਾਂ ਸਰਕਾਰ ਪੱਧਰ ਦੀਆਂ ਹਨ, ਉਨ੍ਹਾਂ ਸਬੰਧੀ ਪੱਤਰ ਲਿਖ ਦਿੱਤਾ ਜਾਵੇ।

ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਹਰ ਮਿਉਂਸਪਲ ਕੌਂਸਲਰ ਨੂੰ ਉਹਨਾਂ ਦੇ ਵਾਰਡ ਵਿੱਚ ਸਫਾਈ ਕਰਨ ਵਾਲੇ ਸਫਾਈ ਕਰਮਚਾਰੀਆਂ ਦੀ ਲਿਸਟ ਮੁਹਈਆ ਕਰਵਾਈ ਜਾਵੇ। ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਪੁੱਛਿਆ ਕਿ ਕਿਉਂ ਜੋ ਬੇਰੁਜਗਾਰੀ ਬਹੁਤ ਜਿਆਦਾ ਵੱਧ ਚੁੱਕੀ ਹੈ, ਇਸ ਲਈ ਸਫਾਈ ਕਰਮਚਾਰੀਆਂ ਦੀ ਭਰਤੀ ਕਰਨ ਸਮੇਂ ਦੂਸਰੀਆਂ ਕੈਟੇਗਰੀਆਂ ਦੇ ਬੇਰੋਜ਼ਗਾਰਾਂ ਨੂੰ ਵੀ ਵਿਚਾਰ ਲਿਆ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਜੋ ਪੀ.ਸੀ. ਦਾ ਕੰਮ ਹੋਣ ਵਾਲਾ ਹੈ, ਉਹ ਕਰਵਾਇਆ ਜਾਵੇ। ਇਸਤੋਂ ਇਲਾਵਾ ਗਲੀ ਨੰਬਰ 24/2 ਵਿੱਚ ਕਨੈਕਟੀਵਿਟੀ ਹੋਣ ਵਾਲੀ ਹੈ, ਉਹ ਵੀ ਕਰਵਾਈ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਰਹਿੰਦੇ ਕੰਮ ਜਲਦ ਤੋਂ ਜਲਦ ਕਰਵਾਏ ਜਾਣ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਪਿਛਲੇ ਕਾਫੀ ਸਮੇਂ ਤੋ ਦੂਸਰੇ ਕੰਮਾਂ ਦੇ ਨਾਲ-ਨਾਲ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮਾਂ ਲਈ 49.19 ਲੱਖ ਰੁਪਏ ਦਾ ਤਖਮੀਨਾ ਪਾਸ ਕੀਤਾ ਗਿਆ ਸੀ। ਇੰਨ੍ਹਾਂ ਵਿੱਚੋਂ ਹੋਰ ਸਾਰੇ ਕੰਮ ਹੋ ਚੁੱਕੇ ਹਨ, ਜਦਕਿ ਉਕਤ ਤਖਮੀਨੇ ਵਿਰੁੱਧ ਨਿਗਮ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਜਲਦ ਤੋਂ ਜਲਦ ਇਸ ਤਖਮੀਨੇ ਤਹਿਤ ਪਾਸ ਹੋਏ ਕੰਮ ਕਰਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਕੰਮ ਪਹਿਲ ਦੇ ਆਧਾਰ ਤੇ ਕਰਵਾਇਆ ਜਾਵੇਗਾ। ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਹੀ ਇਸ ਕੰਮ ਦੇ ਟੈਂਡਰ ਲਗਾ ਕੇ ਕੰਮ ਕਰਵਾਇਆ ਜਾਵੇ। ਕਮਿਸ਼ਨਰ, ਨਗਰ ਨਿਗਮ ਨੇ ਭਰੋਸਾ ਦਿਵਾਇਆ ਕਿ ਜਲਦ ਹੀ ਇਸ ਕੰਮ ਦੇ ਟੈਂਡਰ ਲਗਾ ਦਿੱਤੇ ਜਾਣਗੇ।

ਸ਼੍ਰੀਮਤੀ ਜਸਵੀਰ ਕੌਰ, ਕੌਂਸਲਰ ਨੇ ਉਹਨਾਂ ਦੇ ਵਾਰਡ ਵਿੱਚ ਨਵੀਆਂ ਸਟਰੀਟ ਲਾਈਟਾਂ ਲਗਾਉਣ ਅਤੇ ਪੁਰਾਣੀਆਂ ਦੀ ਰਿਪੇਅਰ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਜਲਦ ਹੀ ਐਲ.ਈ.ਡੀ. ਲਾਈਟਾਂ ਲਗਾਉਣ ਦੀ ਕਾਰਵਾਈ ਕੀਤੀ ਜਾਵੇਗੀ। ਇਸਤੋਂ ਇਲਾਵਾ ਰਿਪੇਅਰ ਦਾ ਕੰਮ ਜਲਦ ਹੀ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੀ ਪਿਛਲੀ ਸਰਕਾਰ ਦੇ ਸਮੇਂ ਦੇ ਕੰਮ ਪਾਸ ਹੋਏ ਪਏ ਹਨ, ਜਦਕਿ ਮੌਕੇ ਤੇ ਅਜੇ ਤੱਕ ਕੋਈ ਕੰਮ ਨਹੀਂ ਕੀਤਾ ਗਿਆ। ਉਹਨਾਂ ਵੀ ਜਲਦ ਤੋਂ ਜਲਦ ਕੰਮ ਸ਼ੁਰੂ ਕਰਵਾਉਣ ਦੀ ਮੰਗ ਕੀਤੀ।

ਸ਼੍ਰੀ ਰਾਜਬਿੰਦਰ ਸਿੰਘ ਸਿੱਧੂ, ਕੌਂਸਲਰ ਨੇ ਕਿਹਾ ਕਿ ਸਰਕਾਰ ਵੱਲੋਂ ਪਹਿਲਾਂ ਹੀ ਕੂੜ੍ਹੇ ਦਾ ਡੰਪ ਚੁੱਕਣ ਲਈ ਪਾਸ ਕੀਤਾ ਹੋਇਆ ਹੈ। ਇਸਤੋਂ ਇਲਾਵਾ ਡਿਪਟੀ ਕਮਿਸ਼ਨਰ, ਬਠਿੰਡਾ ਨੇ ਵੀ ਇਸਨੂੰ ਚੁੱਕਣ ਦੇ ਹੁਕਮ ਕੀਤੇ ਹੋਏ ਹਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਦਸਿਆ ਗਿਆ ਕਿ JITF ਕੰਪਨੀ ਵੱਲੋਂ Termination Notice ਮਿਲ ਚੁੱਕਿਆ ਹੈ। ਇਹ ਇੱਕ ਬਹੁਤ ਹੀ ਮਹਤੱਵਪੂਰਨ ਮੁੱਦਾ ਹੈ। ਜੇਕਰ ਇਸ ਮੁੱਦੇ ਨੂੰ ਜਲਦ ਹੀ ਹੱਲ ਨਾ ਕੀਤਾ ਗਿਆ ਤਾਂ ਨਗਰ ਨਿਗਮ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਦਸਿਆ ਕਿ JITF ਕੰਪਨੀ ਵੱਲੋਂ ਇਸਤੇ ਕਾਫੀ ਰਕਮ ਨਿਵੇਸ਼ ਕੀਤੀ ਹੋਈ ਹੈ। ਉਹਨਾਂ ਇਹ ਵੀ ਦਸਿਆ ਕਿ JITF ਕੰਪਨੀ ਵੱਲੋਂ ਜਲੰਧਰ ਵਿਖੇ ਵੀ ਪਲਾਂਟ ਲਗਾਇਆ ਹੋਇਆ ਹੈ। ਕੰਪਨੀ ਵੱਲੋਂ ਜਲੰਧਰ ਨਗਰ ਨਿਗਮ ਨੂੰ ਕਾਫੀ ਵੱਡੀ ਰਕਮ ਦਾ ਨੋਟਿਸ ਭੇਜਿਆ ਗਿਆ ਹੈ। ਇਹ ਇੱਕ ਅਤਿ ਗੰਭੀਰ ਮਸਲਾ ਹੈ। ਇਸ ਲਈ ਉਹਨਾਂ ਕਿਹਾ ਕਿ ਜਲਦ ਤੋਂ ਜਲਦ ਇਸ ਮਸਲੇ ਤੇ ਵਿਚਾਰ ਕਰਨ ਲਈ ਮੀਟਿੰਗ ਕੀਤੀ ਜਾਵੇਗੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ JITF ਕੰਪਨੀ ਨਾਲ ਤਾਲਮੇਲ ਕਰਕੇ ਜਲਦ ਹੀ ਇਸ ਮਸਲੇ ਦਾ ਹੱਲ ਕੀਤਾ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਪਿਛਲੇ ਇੱਕ ਮਹੀਨੇ ਤੋਂ ਸ਼ਹਿਰ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਈਆ ਨਹੀਂ ਕਰਵਾਇਆ ਜਾ ਰਿਹਾ। ਉਹਨਾਂ ਕਿਹਾ ਕਿ ਰੈਗੂਲਰ ਕੁਨੈਕਸ਼ਨ ਵਾਲਿਆਂ ਨੂੰ ਤਾਂ ਬਿਲ ਭਰਨ ਲਈ ਨੋਟਿਸ ਕੱਢੇ ਜਾ ਰਹੇ ਹਨ ਅਤੇ ਭਾਰੀ ਜੁਰਮਾਨੇ ਵੀ ਪਾਏ ਜਾ ਰਹੇ ਹਨ, ਜਦਕਿ ਦੂਸਰੇ ਪਾਸੇ ਸ਼ਹਿਰ ਵਿੱਚ ਅਣ-ਅਧਿਕਾਰਤ ਤੌਰ ਤੇ ਚੱਲ ਰਹੇ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਵਾਲਿਆਂ ਨੂੰ ਨਾ ਤਾਂ ਕੋਈ ਨੋਟਿਸ ਭੇਜਿਆ ਗਿਆ ਹੈ ਅਤੇ ਨਾ ਹੀ ਕੋਈ ਜੁਰਮਾਨਾ ਪਾਇਆ ਜਾ ਰਿਹਾ ਹੈ। ਇਸ ਨਾਲ ਲੋਕਾਂ ਵਿੱਚ ਬਹੁਤ ਜਿਆਦਾ ਰੋਸ ਵੀ ਵੇਖਣ ਨੂੰ ਮਿਲਦਾ ਹੈ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਹ ਮਾਮਲਾ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਨਾਲ ਪਹਿਲਾਂ ਹੀ ਡਿਸਕਸ ਕੀਤਾ ਜਾ ਚੁੱਕਾ ਹੈ। ਉਹਨਾਂ ਦਸਿਆ ਕਿ ਤ੍ਰਿਵੇਣੀ ਕੰਪਨੀ ਵੱਲੋਂ ਹੀ ਸ਼ਹਿਰ ਨਿਵਾਸੀਆਂ ਪਾਸੋਂ ਬਿਲ ਕੂਲੈਕਟ ਕੀਤੇ ਜਾਣੇ ਸੀ। ਅਣ-ਅਧਿਕਾਰਤ ਤੌਰ ਤੇ ਚੱਲ ਰਹੇ ਕੁਨੈਕਸ਼ਨ ਚੈਕ ਕਰਨ ਦਾ ਕੰਮ ਵੀ ਤ੍ਰਿਵੇਣੀ ਕੰਪਨੀ ਦੇ ਸਕੋਪ ਵਿੱਚ ਸੀ। ਹੁਣ ਨਗਰ ਨਿਗਮ ਵੱਲੋਂ ਜੋ ਪ੍ਰਾਪਰਟੀ ਟੈਕਸ ਇੱਕਠਾ ਕੀਤਾ ਜਾ ਰਿਹਾ ਹੈ, ਉਸਦੇ ਆਧਾਰ ਤੇ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਚੈਕ ਕੀਤੇ ਜਾ ਰਹੇ ਹਨ ਅਤੇ ਬਣਦੇ ਨੋਟਿਸ ਵੀ ਕੱਟੇ ਜਾ ਰਹੇ ਹਨ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਲਗਿਆ ਬੋਰਡ ਰੋਡ ਗੈਂਗ ਸ਼ਾਖਾ ਦੇ ਕਰਮਚਾਰੀਆਂ ਵੱਲੋਂ ਪੁੱਟ ਦਿੱਤਾ ਗਿਆ ਹੈ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਵਿੱਚ ਲੱਗੀਆਂ ਟਾਇਲਾਂ ਵੀ ਪੁੱਟ ਦਿੱਤੀਆਂ ਗਈਆਂ ਹਨ। ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸ਼੍ਰੀਮਤੀ ਅੰਜਨਾ

ਰਾਣੀ, ਕੌਂਸਲਰ ਨੂੰ ਰਾਜਨੀਤਿਕ ਤੌਰ ਤੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੋ ਵੀ ਅਫਸਰ ਅਜਿਹਾ ਕਰ ਰਹੇ ਹਨ, ਉਹਨਾਂ ਨੂੰ ਤਾੜਨਾ ਕੀਤੀ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਬੋਰਡ ਨੂੰ ਦੁਬਾਰਾ ਜਲਦ ਤੋਂ ਜਲਦ ਲਗਾਇਆ ਜਾਵੇ ਅਤੇ ਜਿਸ ਵੀ ਅਧਿਕਾਰੀ/ਕਰਮਚਾਰੀ ਵੱਲੋਂ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਉਸਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਰਾਜਾ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲਾ ਪਾਣੀ ਨਹੀਂ ਆਉਂਦਾ ਅਤੇ ਨਾ ਹੀ ਸਫਾਈ ਦਾ ਕੋਈ ਪ੍ਰਬੰਧ ਹੈ। ਇਸਤੋਂ ਇਲਾਵਾ ਉਹਨਾਂ ਧਿਆਨ ਵਿਚ ਲਿਆਂਦਾ ਕਿ ਉਹਨਾਂ ਦੇ ਵਾਰਡ ਵਿੱਚ ਇੱਕ ਕੁੱਤੀ ਦੀ ਨਸਬੰਦੀ ਕਰਨ ਦੇ ਬਾਵਜੂਦ ਉਸ ਵੱਲੋਂ ਬੱਚਿਆਂ ਨੂੰ ਜਨਮ ਦਿੱਤਾ ਗਿਆ ਹੈ। ਉਹਨਾਂ ਇਸ ਸਬੰਧੀ ਜਾਂਚ ਕਰਨ ਦੀ ਮੰਗ ਕੀਤੀ। ਇਸਦੀ ਤਾਇਦ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਵੀ ਕੀਤੀ।

ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ ਲਈ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਪਰੰਤੂ ਸ਼ਹਿਰ ਵਿੱਚ ਡੈਅਰੀ ਵਾਲਿਆਂ ਵੱਲੋਂ ਆਪਣੇ ਪਸ਼ੂਆਂ ਦਾ ਗੋਬਰ ਸੀਵਰੇਜ਼ ਵਿੱਚ ਪਾਉਣ ਨਾਲ ਇਹ ਰੋਜ਼ਾਨਾ ਬਲਾਕ ਹੋ ਜਾਂਦਾ ਹੈ। ਇਸ ਨਾਲ ਆਮ ਪਬਲਿਕ ਨੂੰ ਰੋਜ਼ਾਨਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਡੈਅਰੀਆਂ ਨੂੰ ਸ਼ਹਿਰ ਤੋਂ ਬਾਹਰ ਕਿਸੇ ਹੋਰ ਜਗ੍ਹਾ ਸ਼ਿਫਟ ਕਰਨ ਦੀ ਮੰਗ ਕੀਤੀ।

ਸ਼੍ਰੀ ਜਗਸੀਰ ਸਿੰਘ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਆਰ.ਓ. ਲਗਾਇਆ ਜਾਵੇ ਤਾਂ ਜੋ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮੁਹਈਆ ਕਰਵਾਇਆ ਜਾ ਸਕੇ। ਉਹਨਾਂ ਇਸ ਸਬੰਧੀ ਆਉਣ ਵਾਲੇ ਖਰਚੇ ਨੂੰ ਅੱਜ ਦੀ ਮੀਟਿੰਗ ਵਿੱਚ ਮਜ਼ੀਦ ਪਾਸ ਕਰਨ ਦੀ ਬੇਨਤੀ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਵਾਰਡ ਨੰਬਰ 50 ਵਿੱਚ ਜਲਦ ਤੋਂ ਜਲਦ ਆਰ.ਓ. ਲਗਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਵਾਰਡ ਨੰਬਰ 3, 4, 5 ਅਤੇ 19 ਲਈ ਸਿਟੀ ਬੱਸ ਸਰਵਿਸ ਮੁਹਈਆ ਕਰਵਾਈ ਜਾਵੇ ਤਾਂ ਜੋ ਆਮ ਪਬਲਿਕ ਨੂੰ ਵੱਧ ਤੋਂ ਵੱਧ ਸਿਟੀ ਬੱਸ ਸਰਵਿਸ ਦੀ ਸੇਵਾ ਮੁਹਈਆ ਕੀਤੀ ਜਾ ਸਕੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਨੋਡਲ ਅਫਸਰ ਨੂੰ ਹਦਾਇਤ ਕੀਤੀ ਕਿ ਉਕਤ ਵਾਰਡਾਂ ਵਿੱਚ ਸਿਟੀ ਬੱਸ ਸਰਵਿਸ ਦੀ ਸੁਵਿਧਾ ਦੇਣ ਲਈ ਸਬੰਧਤ ਕੌਂਸਲਰ ਸਾਹਿਬਾਨ ਨਾਲ ਤਾਲਮੇਲ ਕਰਕੇ ਜਲਦ ਤੋਂ ਜਲਦ ਸਿਟੀ ਬੱਸ ਸਰਵਿਸ ਦੀ ਸੁਵਿਧਾ ਦਿੱਤੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਦਸਿਆ ਕਿ ਲਾਇਨੋਪਾਰ ਇਲਾਕੇ ਵਿੱਚ ਤਕਰੀਬਨ 40-50 ਹਜ਼ਾਰ ਦੇ ਕਰੀਬ ਆਬਾਦੀ ਹੈ। ਉਹਨਾਂ ਕਿਹਾ ਕਿ ਜਿੰਨ੍ਹਾਂ ਵੀ ਗਲੀਆ ਵਿੱਚ ਇੰਟਰਲਾਕਿੰਗ ਟਾਇਲਾਂ ਜਾਂ ਪੀ.ਸੀ. ਪਾਉਣ ਦਾ ਕੰਮ ਕੀਤਾ ਜਾਣਾ ਹੈ, ਉਹ ਜਲਦ ਤੋਂ ਜਲਦ ਕਰਵਾਇਆ ਜਾਵੇ ਅਤੇ ਸੰਤਪੁਰਾ ਰੋਡ ਤੋਂ ਪਰਸ ਰਾਮ ਨਗਰ ਨੂੰ ਜਾਂਦੇ ਓਵਰਬਰਿਜ ਤੇ ਰਿਪੇਅਰ ਦਾ ਕੰਮ ਕਰਵਾਇਆ ਜਾਵੇ ਤਾਂ ਜੋ ਕੋਈ ਹਾਦਸਾ ਨਾ ਵਾਪਰੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਬਣਦੇ ਕੰਮ ਕਰਵਾਉਣ ਦੀ ਹਦਾਇਤ ਕੀਤੀ।

ਸ਼੍ਰੀਮਤੀ ਕਰਮਜੀਤ ਕੌਰ ਗਿਆਨਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 2 ਅਤੇ 2-1/2 ਵਿੱਚ ਰਹਿੰਦਾ ਵਿਕਾਸ ਦਾ ਕੰਮ ਕਰਵਾਇਆ ਜਾਵੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਸਬੰਧੀ ਜੋ ਵੀ ਕੰਮ ਹੋਣ ਵਾਲਾ ਹੈ, ਉਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਅਸ਼ੇਸ਼ਰ ਪਾਸਵਾਨ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ 25-25 ਗਜ਼ ਦੀ ਕਲੋਨੀ ਵਿੱਚ ਸੀਵਰੇਜ਼ ਜਾਮ ਹੋਣ ਕਾਰਨ ਲੋਕਾਂ ਦੇ ਘਰਾਂ ਵਿੱਚ ਗੰਦਾ ਪਾਣੀ ਖੜ੍ਹਾ ਰਹਿੰਦਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਪਿਛਲੇ ਦਿਨੀ ਸ਼ਹਿਰ ਵਿੱਚ ਅੱਗ ਲੱਗਣ ਨਾਲ ਬਹੁਤ ਜਿਆਦਾ ਨੁਕਸਾਨ ਹੋਇਆ ਹੈ। ਉਹਨਾਂ ਕਿਹਾ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਘੱਟ ਹੋਣ ਕਾਰਨ ਇੰਨ੍ਹਾਂ ਜਿਆਦਾ ਨੁਕਸਾਨ ਹੋਇਆ। ਉਹਨਾਂ ਬੇਨਤੀ ਕੀਤੀ ਕਿ ਜੇਕਰ ਨਗਰ ਨਿਗਮ ਪਾਸ ਕੋਈ ਫੰਡਜ਼ ਮੋਜੂਦ ਹਨ ਤਾਂ ਜਲਦ ਤੋਂ ਜਲਦ ਫਾਇਰ ਬ੍ਰਿਗੇਡ ਲਈ ਨਵੀਆਂ ਗੱਡੀਆਂ ਦੀ ਖਰੀਦ ਕੀਤੀ ਜਾਵੇ ਤਾਂ ਜੋ ਅੱਗ ਲੱਗਣ ਨਾਲ ਹੋਣ ਵਾਲੇ ਕਿਸੇ ਵੀ ਵੱਡੇ ਨੁਕਸਾਨ ਤੋਂ ਬਚਿਆ ਜਾ ਸਕੇ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਨਗਰ ਨਿਗਮ ਪਾਸ ਜੋ ਫਾਇਰ ਸੈਸ ਦੇ ਫੰਡਜ਼ ਇੱਕਠੇ ਹੁੰਦੇ ਹਨ, ਉਨ੍ਹਾਂ ਵਿੱਚੋਂ ਫਾਇਰ ਬ੍ਰਿਗੇਡ ਲਈ ਇੱਕ ਗੱਡੀ ਦੀ ਖਰੀਦ ਕੀਤੀ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਜ਼ੋਗਰ ਪਾਰਕ ਅਤੇ ਰੋਜ਼ ਗਾਰਡਨ ਵਿੱਚ ਰੋਜ਼ਾਨਾ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸੈਰ ਕਰਨ ਅਤੇ ਘੁੰਮਣ ਫਿਰਨ ਲਈ ਆਉਂਦੇ ਹਨ। ਉਹਨਾਂ ਮੰਗ ਕੀਤੀ ਕਿ ਲੋਕਾਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਜ਼ੋਗਰ ਪਾਰਕ ਲਈ 20 ਹੋਰ ਸਾਈਕਲਾਂ ਅਤੇ ਜ਼ੋਗਰ ਪਾਰਕ ਅਤੇ ਰੋਜ਼ ਗਾਰਡਨ ਲਈ ਭਾਰ ਤੋਲਣ ਵਾਲੀਆਂ ਮਸ਼ੀਨਾਂ ਖਰੀਦ ਕੀਤੀਆਂ ਜਾਣ। ਉਹਨਾਂ ਇਹ ਵੀ ਮੰਗ ਕੀਤੀ ਕਿ ਲੋਕਾਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਮਾਡਲ ਟਾਊਨ ਪਾਰਕ ਨੰਬਰ 4 ਲਈ ਓਪਨ ਏਅਰ ਜਿੰਮ ਅਤੇ ਗਜ਼ੀਬੋ ਵੀ ਲਗਵਾਈ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਸ਼੍ਰੀ ਪੰਕਜ ਅਰੋੜਾ, ਕੌਂਸਲਰ ਦੀਆਂ ਮੰਗਾਂ ਤੇ ਸਹਿਮਤੀ ਪ੍ਰਗਟਾਈ ਗਈ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਸੰਗੂਆਣਾ ਬਸਤੀ ਵਿੱਚ ਇੰਟਰਲਾਕਿੰਗ ਟਾਇਲਾਂ ਦਾ ਤਖਮੀਨਾ ਹਾਊਸ ਵੱਲੋਂ ਪਾਸ ਕੀਤਾ ਹੋਇਆ ਹੈ। ਉਹਨਾਂ ਜਲਦ ਤੋਂ ਜਲਦ ਕੰਮ ਸ਼ੁਰੂ ਕਰਵਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਕੰਮ ਸ਼ੁਰੂ ਕਰਨ ਦੀ ਹਦਾਇਤ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 25.09.2018 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 69: ਮੀਟਿੰਗ ਮਿਤੀ 25.09.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ 2 :**

ਮੀਟਿੰਗ ਮਿਤੀ 25.10.2018 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 70: ਮੀਟਿੰਗ ਮਿਤੀ 25.10.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ: 3**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਬਿਨ ਫ੍ਰੀ ਬਨਾਉਣ ਲਈ ਡੋਰ ਟੂ ਡੋਰ ਵੇਸਟ ਕੂਲੈਕਸ਼ਨ ਲਈ 46 ਮਿੰਨੀ ਟਿੱਪਰ ਖਰੀਦ ਕਰਨ ਲਈ ਟੈਂਡਰ ਕਾਲ ਕੀਤੇ ਗਏ ਹਨ। ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਸ਼ਹਿਰ ਦੇ 5 ਕਲੋਨੀਆਂ/ਮੁੱਹਲਿਆਂ ਵਿੱਚ ਡੋਰ ਟੂ ਡੋਰ ਕੂੜਾ ਕੂਲੈਕਸ਼ਨ ਦਾ ਕੰਮ ਟਰਾਇਲ ਬੇਸ ਤੇ ਮਿੰਨੀ ਟਿੱਪਰਾਂ ਰਾਹੀਂ ਕਰਨ ਲਈ ਹਦਾਇਤ ਕੀਤੀ ਗਈ ਹੈ। ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਸ਼ਹਿਰ ਦੇ 5 ਕਲੋਨੀਆਂ ਵਿੱਚੋਂ ਡੋਰ ਟੂ ਡੋਰ ਕੂੜਾ ਕੂਲੈਕਸ਼ਨ ਦਾ ਕੰਮ 5 ਮਿੰਨੀ ਟਿੱਪਰ ਕਿਰਾਏ ਤੇ ਲੈ ਕੇ ਕਰਵਾਇਆ ਜਾਣਾ ਹੈ। ਇਸ ਕੰਮ ਤੇ ਹੇਠ ਲਿਖੇ ਅਨੁਸਾਰ ਪ੍ਰਤੀ ਮਹੀਨਾ ਅੰਦਾਜ਼ਨ ਖਰਚਾ ਆਵੇਗਾ :-

| | |
|---|---|
| 1. 5 ਮਿੰਨੀ ਟਿੱਪਰ ਦਾ ਕਿਰਾਇਆ 1200/- ਰੁਪਏ ਪ੍ਰਤੀ ਦਿਨ, ਪ੍ਰਤੀ ਟਿੱਪਰ (18% ਜੀ.ਐਸ.ਟੀ.) | 212400.00 |
| 2. ਟਿੱਪਰਾਂ ਲਈ ਪੈਟਰੋਲ/ਡੀਜ਼ਲ ਦਾ ਖਰਚਾ (30 ਲੀਟਰ ਪ੍ਰਤੀ ਦਿਨ) | 67500.00 |
| 3. ਆਉਟ ਸੋਰਸ ਰਾਹੀਂ ਲਏ ਜਾਣ ਵਾਲੇ 5 ਡਰਾਈਵਰਾਂ ਦੀ ਤਨਖਾਹ (10,000/- ਰੁਪਏ ਪ੍ਰਤੀ ਮਹੀਨਾ) | 50000.00 |
| ਕੁੱਲ ਲਾਗਤ ਪ੍ਰਤੀ ਮਹੀਨਾ | **329900.00** |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 71: ਪ੍ਰਵਾਨ ਹੈ।**

**ਏਜੰਡਾ ਨੰਬਰ: 4**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਥਾਨਕ ਸਰਕਾਰ ਵਿਭਾਗ ਵੱਲੋਂ EESL, ਭਾਰਤ ਸਰਕਾਰ ਦਾ ਉਰਜ਼ਾ ਮੰਤਰਾਲੇ ਦੇ ਉਪਕਰਮ ਨਾਲ ਇਕ MOU ਕੀਤਾ ਗਿਆ ਸੀ। ਉਕਤ MOU ਮੁਤਾਬਿਕ ਇਸ ਏਜੰਸੀ ਵੱਲੋਂ ਬਠਿੰਡਾ ਸ਼ਹਿਰ ਵਿਖੇ ਲੱਗੇ ਹੋਏ ਵੱਖ-ਵੱਖ ਪੰਪਾਂ ਅਤੇ ਮੋਟਰਾਂ ਦਾ ਡਿਟੇਲਡ ਸਰਵੇ ਕੀਤਾ ਗਿਆ ਸੀ। ਉਕਤ ਡਿਟੇਲਡ ਸਰਵੇ ਰਿਪੋਰਟ ਮੁਤਾਬਿਕ ਲੱਗੇ ਹੋਏ ਪੰਪਾਂ ਦਾ ਮੋਕੇ ਤੇ ਡਿਸਚਾਰਜ਼ Designed Discharge ਤੋਂ ਕਾਫੀ ਘੱਟ ਪਾਇਆ ਗਿਆ ਸੀ। ਜੇਕਰ ਇੰਨ੍ਹਾਂ ਹੀ ਡਿਸਚਾਰਜ਼ ਲੋੜੀਂਦਾ ਹੈ, ਤਾਂ ਉਹ ਘੱਟ HP ਦੀਆਂ ਮੋਟਰਾਂ ਲਗਾ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਐਨਰਜ਼ੀ ਸੇਵਿੰਗ ਕੀਤੀ ਜਾ ਸਕਦੀ ਹੈ। ਇਨਫਰਾਸਟਰੱਕਚਰ ਬਦਲਣ ਦਾ ਖਰਚਾ Energy Saving ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ। EESL ਨਾਲ ਹੋਏ MOU ਮੁਤਾਬਿਕਇਹ ਕੰਮ ਉਕਤ ਮੁਤਾਬਿਕ ਹੀ ਕੀਤਾ ਜਾਣਾ ਸੀ। EESL ਵੱਲੋਂ DPR ਦਾ ਕੰਮ ਤਸੱਲੀਬਖਸ਼ ਕੀਤਾ ਗਿਆ ਹੈ। ਪਰੰਤੂ ਨਗਰ ਨਿਗਮ ਬਠਿੰਡਾ ਵਿਖੇ Designed Rating Discharge ਦੀਆਂ ਪੰਪਾਂ ਅਤੇ Designed rating ਦੀਆਂ ਮੋਟਰਾਂ ਦੀ ਲੋੜ੍ਹ ਹੈ ਤਾਂ ਜੋ ਸ਼ਹਿਰ ਵਿੱਚੋਂ ਸੀਵੇਜ਼ ਜਲਦ ਤੋਂ ਜਲਦ Dispose off ਕੀਤਾ ਜਾ ਸਕੇ। ਇਸ ਲਈ ਨਗਰ ਨਿਗਮ ਬਠਿੰਡਾ EESL ਨਾਲ Signed MOU ਤੋਂ ਬਾਹਰ ਹੋ ਜਾਂਦਾ ਹੈ। ਇਸ ਲਈ ਮਾਨਯੋਗ ਖਜਾਨਾ ਮੰਤਰੀ ਜੀ ਵੱਲੋਂ ਗਰਾਂਟ ਦਿੱਤੀ ਜਾ ਰਹੀ ਹੈ ਅਤੇ ਨਗਰ ਨਿਗਮ ਬਠਿੰਡਾ ਵੀ ਆਪਣੇ ਪੱਧਰ ਤੇ ਇਹ ਕੰਮ ਕਰਨਾ ਚਾਹੁੰਦਾ ਹੈ ਤਾਂ ਜੋ ਘੱਟ ਤੋਂ ਘੱਟ ਸਮੇਂ ਵਿੱਚ ਘੱਟ ਤੋਂ ਘੱਟ ਐਨਰਜ਼ੀ ਖਰਚ ਕਰਕੇ ਸੀਵੇਜ਼ ਨੂੰ ਡਿਸਪੋਜ਼ ਆਫ ਕੀਤਾ ਜਾ ਸਕੇ ਅਤੇ ਬਰਸਾਤਾਂ ਦੋਰਾਨ ਵੱਖ-ਵੱਖ ਥਾਂਵਾਂ ਜਿਵੇਂ ਕਿ ਸਿਰਕੀ ਬਾਜਾਰ, ਪਾਵਰ ਹਾਊਸ ਰੋਡ, ਅਮਰੀਕ ਸਿੰਘ ਰੋਡ, ਭੱਟੀ ਰੋਡ ਅਤੇ ਸਿਵਲ ਲਾਈਨ ਏਰੀਏ ਵਿੱਚ ਪਾਣੀ ਭਰਨ ਤੋਂ ਰੋਕਿਆ ਜਾ ਸਕੇ।

EESL ਕੰਪਨੀ ਨੂੰ ਬਠਿੰਡਾ ਸ਼ਹਿਰ ਦੀਆਂ ਡਿਟੇਲਡ ਸਰਵੇ ਦਾ ਕੰਮ ਕਰਨ ਦੀ ਅਦਾਇਗੀ ਸਰਕਾਰ ਵੱਲੋਂ MOU ਮੁਤਾਬਿਕ AMRUT ਗਰਾਂਟ ਵਿੱਚੋਂ ਕਰ ਦਿੱਤੀ ਜਾਵੇ।

ਉਕਤ ਮੁਤਾਬਿਕ ਮਤਾ ਪਾਸ ਕਰਕੇ ਸਰਕਾਰ ਪਾਸ ਜਾਣਕਾਰੀ ਹਿੱਤ ਭੇਜਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 72: ਪ੍ਰਵਾਨ ਹੈ।**

ਏਜੰਡਾ ਨੰਬਰ: 5

ਰਿਪੋਰਟ ਤਹਿਬਾਜਾਰੀ ਸ਼ਾਖਾ ਕਿ ਦਫਤਰ ਵੱਲੋਂ The Street Vendors (Protection of Livelihood and regulation of street vendors) ਐਕਟ 2014 ਦੀ ਧਾਰਾ 21 ਅਧੀਨ SUDA Punjab ਵੱਲੋਂ ਭੇਜੇ ਗਏ ਮਾਡਲ ਡਰਾਫਟ ਅਨੁਸਾਰ ਸਟਰੀਟ ਵੈਂਡਿੰਗ ਪਲਾਨ ਜੋ ਕਿ ਨਗਰ ਨਿਗਮ ਬਠਿੰਡਾ ਵੱਲੋਂ ਨਿਯੁਕਤ Consultant M/s. REPL ਵੱਲੋਂ ਬਣਾਇਆ ਗਿਆ ਹੈ ਅਤੇ ਟਾਊਨ ਵੈਂਡਿੰਗ ਕਮੇਟੀ ਵੱਲੋਂ ਪਾਸ ਕੀਤਾ ਜਾ ਚੁੱਕਾ ਹੈ। ਇਹ ਸਟਰੀਟ ਵੈਂਡਿੰਗ ਪਲਾਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਗਮ ਦੇ ਹਾਊਸ ਵਿੱਚ ਪ੍ਰਵਾਨ ਕੀਤਾ ਜਾਣਾ ਹੈ ਅਤੇ ਇਸ ਉਪਰੰਤ ਨੋਟੀਫਿਕੇਸ਼ਨ ਕਰਨ ਲਈ ਭੇਜਿਆ ਜਾਣਾ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 73: **Consultant M/s. REPL ਵੱਲੋਂ ਤਿਆਰ ਸਟਰੀਟ ਵੈਂਡਿੰਗ ਪਲਾਨ ਦੇ ਡਰਾਫਟ ਮਾਡਲ ਨੂੰ ਪਹਿਲਾਂ ਵਿਸਥਾਰ ਵਿੱਚ ਵਿਚਾਰਨ ਲਈ ਹਾਊਸ ਵਿੱਚ ਭੇਜਿਆ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ।**

ਏਜੰਡਾ ਨੰਬਰ: 6

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਪੇਚ ਵਰਕ ਆਨ ਮੇਨ ਰੋਡਜ਼ ਐਂਡ ਇਨਟਰਨਲ ਸਟਰੀਟਸ ਇਨ ਜ਼ੋਨ ਨੰਬਰ 1,2,7 ਐਂਡ 8 | 48.00 |
| 2. | ਪੇਚ ਵਰਕ ਆਨ ਮੇਨ ਰੋਡਜ਼ ਐਂਡ ਇਨਟਰਨਲ ਸਟਰੀਟਸ ਇਨ ਜ਼ੋਨ ਨੰਬਰ 3,4,5 ਐਂਡ 6 | 44.50 |
| 3. | ਕੰਸ: ਆਫ ਨਾਲਾ ਫਰਾਮ ਡਿਸਪੋਜ਼ਲ ਆਫ ਮੰਡੀ ਬੋਰਡ ਅਪਟੂ ਰੇਲਵੇ ਕਲਵਰਟ ਅਲਾਂਗ ਪਟਿਆਲਾ ਰੇਲਵੇ ਲਾਈਨ (ਜ਼ੋਨ-1) | 6.32 |
| 4. | ਰਿਪੇਅਰ ਆਫ ਨਾਲਾ ਫਰਾਮ ਮੁਲਤਾਨੀਆ ਰੇਲਵੇ ਓਵਰਬਰਿਜ ਅਪਟੂ ਐਂਡ ਪੁਆਇੰਟ (ਜ਼ੋਨ-1) | 3.78 |
| 5. | ਰੈਨੋਵੇਸ਼ਨ ਆਫ ਰੂਮਜ਼ ਨੰਬਰ 19,20,21,23 ਐਂਡ 24 ਇਨ ਐਮ.ਸੀ.ਬੀ. ਆਫਿਸ (ਜ਼ੋਨ-1) | 2.10 |
| 6. | ਸਪਲਾਈ ਆਫ ਲੇਬਰ ਫਾਰ ਮੈਨਟੀਨੇਂਸ ਆਫ ਜ਼ੋਗਰ ਪਾਰਕ ਸਾਲ 2018-19 | 24.35 |
| 7. | ਸਪਲਾਈ ਆਫ ਲੇਬਰ ਫਾਰ ਮੈਨਟੀਨੇਂਸ ਆਫ ਅਦਰ ਸਿਟੀ ਪਾਰਕਸ (ਰਿਮੇਨਿੰਗ) ਸਾਲ 2018-19 | 29.21 |
| 8. | ਪ੍ਰੋਵ: ਐਂਡ ਲੇਇੰਗ ਪੀ.ਸੀ. ਮੇਨ ਬੀੜ ਰੋਡ | 12.36 |
| 9. | ਪ੍ਰੋਵ: ਐਂਡ ਲੇਇੰਗ ਪੀ.ਸੀ. ਇਨ ਸਟਰੀਟ ਨੰ: 2 ਹਰੀ ਨਗਰ ਐਂਡ ਨੀਅਰ ਬੀਕਾਨੇਰ ਫਾਟਕ | 10.05 |
| 10. | ਰੈਨੋਵੇਸ਼ਨ ਆਫ ਟਾਇਲਟ ਬਲਾਕਸ ਇਨ ਐਮ.ਸੀ.ਬੀ. ਆਫਿਸ | 6.32 |
| 11. | ਸਲਾਨਾ ਦੇਖਭਾਲ ਦਾ ਤਖਮੀਨਾ ਬਾਬਤ ਜਲ ਸਪਲਾਈ ਅਤੇ ਜਲ ਨਿਕਾਸ ਇੰਨ ਅਰਬਨ ਅਸਟੇਟ ਫੇਜ਼ ਪਹਿਲਾ ਅਤੇ ਦੂਜਾ ਬਠਿੰਡਾ ਬਾਬਤ ਸਾਲ 2018-19 | 152.32 |
| 12. | ਪ/ਫ ਆਫ ਗ੍ਰੈਨਾਇਟ ਸਟੋਨ ਅਰਾਉਂਡ ਫਾਊਂਟੈਨ ਨੀਅਰ ਪੁਰਾਣਾ ਥਾਣਾ (ਜ਼ੋਨ-1) | 1.20 |
| 13. | Repair, Painting and Providing Venyl Sticker of View Cutters | 3.70 |
| 14. | ਪੇਟਿੰਗ ਟਰਾਲੀ/ਟੈਂਕਰਜ਼ | 1.45 |
| 15. | Reconditioning of Road from Maheshwari Dharam Kanda upto Dana Mandi Chowk, Zone-1 | 5.77 |
| 16. | ਬਠਿੰਡਾ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਜਿਵੇਂ ਕਿ ਰੋਜ਼ ਗਾਰਡਨ ਤੋਂ ਆਈ.ਟੀ.ਆਈ. ਚੌਂਕ ਤੱਕ, ਡਾ: ਗਿੱਲ ਚੌਂਕ ਤੋਂ ਭਾਗੂ ਰੋਡ ਚੌਂਕ ਤੱਕ, ਬਾਲਮੀਕਿ ਚੌਂਕ ਤੋਂ ਮੁਲਤਾਨੀਆ ਪੁੱਲ ਜਰਨੈਲ ਸਿੰਘ ਚੌਂਕ ਤੱਕ 45 ਸਫਾਈ ਕਰਮਚਾਰੀ 6 ਮਹੀਨਿਆਂ ਲਈ | 27.86 |
| 17. | ਸਪਲਾਈ ਆਫ ਲੇਬਰ, ਰੇਲਵੇ ਬਾਊਂਡਰੀ ਦੇ ਨਾਲ ਚਲਦੇ ਗੰਦੇ ਨਾਲੇ ਦੀ ਰੈਗੂਲਰ ਸਫਾਈ ਸਬੰਧੀ | 12.38 |

| | | |
|---|---|---|
| 18. | Barbed wire fencing Water Works at Growth Centre | 7.26 |
| 19. | ਜਨਰਲ ਰਿਪੇਅਰ ਆਫ ਜ਼ੋਨ ਨੰ: 1 ਤੋਂ 8 | 49.00 |
| 20. | Estimate for De-silting of existing sewer and repair of manhole in Industrial Growth Centre at Bathinda. | 25.18 |
| 21. | ਸ਼ਹਿਰ ਦੇ ਸਾਰੇ ਏਰੀਏ ਦੀਆਂ ਸਬ ਡਵੀਜ਼ਨਾਂ (D-1, D-2, D-3 ਅਤੇ D-4) ਦੀਆਂ ਸਟਰੀਟ ਲਾਈਟਾਂ ਦੀ ਦੇਖਭਾਲ ਲਈ ਲੇਬਰ ਸਪਲਾਈ ਕਰਨਾ | 66.14 |
| 22. | ਸਪਲਾਈ ਐਂਡ ਫਿਕਸਿੰਗ ਆਫ ਹੈਂਡ ਪੰਪਸ ਇਨ ਡਿਫਰੈਂਟ ਪਾਰਟਸ ਆਫ ਬਠਿੰਡਾ ਸਿਟੀ | 12.02 |
| 23. | ਪ/ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਫਰਾਮ ਦਰਸ਼ਨ ਆਟਾ ਚੱਕੀ ਟੂ ਅਪਟੂ ਜੀ.ਟੀ. ਰੋਡ ਜ਼ੋਨ ਨੰਬਰ 1 | 6.75 |
| 24. | ਸਪਲਾਈ ਆਫ ਸੀਮਿੰਟ ਫਾਰ ਐਮ.ਸੀ. ਸਟੋਰ ਸਾਲ 2018-19 | 4.22 |
| 25 | ਸ/ਲੇਇੰਗ 60 ਐਮ.ਐਮ. ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰ: 10 ਲਾਲ ਸਿੰਘ ਬਸਤੀ | 7.74 |
| 26 | ਪ/ਲੇਇੰਗ ਡੀ.ਬੀ. ਪੇਵਿੰਗ ਇਨ ਸਾਈਡ ਸਟਰੀਟ ਆਫ ਗੁਰੂ ਅਮਰਦਾਸ ਨਗਰ ਨਰੂਆਣਾ ਰੋਡ | 11.34 |
| 27 | ਰਿਪੇਅਰ ਐਂਡ ਰੈਨੋਵੇਸ਼ਨ ਵਰਕ ਆਫ ਧਰਮਸ਼ਾਲਾ ਸ਼੍ਰੀ ਗੁਰੂ ਰਵੀ ਦਾਸ ਜੀ, ਨੇੜੇ ਸੰਧੂ ਸੀਮਿੰਟ ਸਟੋਰ ਵਾਰਡ ਨੰਬਰ 42 | 3.06 |
| 28 | ਲੇਇੰਗ ਆਫ ਪੀ.ਸੀ. 20 ਐਮ.ਐਮ. ਥਿੱਕ ਇਨ ਸਟਰੀਟਸ 15,18,19,20 ਐਂਡ ਆਨ ਪੋਰਸ਼ਨ ਆਫ ਸਟਰੀਟ ਨੰਬਰ 17, ਅਜੀਤ ਰੋਡ | 12.65 |
| 29 | ਰੈਨੋਵੇਸ਼ਨ ਵਰਕ ਆਫ ਧਰਮਸ਼ਾਲਾ ਸਾਹਿਬਜਾਦਾ ਫਤਿਹ ਸਿੰਘ, ਵਾਰਡ ਨੰਬਰ 44 | 2.75 |
| 30 | ਪ/ਫ ਓਪਨ ਏਅਰ ਜਿੰਮ ਇਨ ਪਾਰਕ ਨੰਬਰ 77, ਜ਼ੋਨ 4 | 1.73 |
| 31 | ਪੋਟਿੰਗ ਇਨ ਕੁਆਟਰ ਇਨ ਮਿਉਂਸਪਲ ਕਲੋਨੀ | 2.32 |

ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਬਲਜੀਤ ਸਿੰਘ ਸਰਾਂ ਅਤੇ ਸ਼੍ਰੀ ਸੁਖਮਿੰਦਰ ਸਿੰਘ ਕੌਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਲੜੀ ਨੰ: 6 ਅਤੇ 7 ਤੇ ਦਰਜ਼ ਕੰਮਾਂ ਤਹਿਤ ਜ਼ੋਗਰ ਪਾਰਕ, ਰੋਜ਼ ਗਾਰਡਨ ਅਤੇ ਹੋਰ ਪਾਰਕਾਂ ਵਿੱਚ ਇਹ ਵਰਕਰ ਲਗਾਤਾਰ ਕੰਮ ਕਰ ਰਹੇ ਹਨ। ਇਸ ਲਈ ਯੋਗ ਹੋਵਗਾ ਕਿ ਇੰਨ੍ਹਾਂ ਨੂੰ ਮਿਤੀ 25.11.2018 ਤੋਂ ਹੀ ਬਣਦੀ ਅਦਾਇਗੀ ਕੀਤੀ ਜਾਵੇ।

ਮਤਾ ਨੰਬਰ 74: ਲੜੀ ਨੰ: 1, 2 ਅਤੇ ਲੜੀ ਨੰ: 19 ਤੇ ਦਰਜ਼ ਕੰਮਾਂ ਨੂੰ ਪੈਡਿੰਗ ਰੱਖਿਆ ਜਾਂਦਾ ਹੈ। ਪਾਸ ਕੀਤਾ ਜਾਂਦਾ ਹੈ ਕਿ ਜ਼ੋਨ ਵਾਇਜ਼ ਕੰਮਾਂ ਦੀ ਥਾਂ ਤੇ ਵਾਰਡ ਵਾਇਜ਼ ਤਖਮੀਨੇ ਤਿਆਰ ਕੀਤੇ ਜਾਣ। ਬਾਕੀ ਦੇ ਸਾਰੇ ਕੰਮ ਪ੍ਰਵਾਨ ਹਨ। ਮਜ਼ੀਦ ਪਾਸ ਕੀਤਾ ਗਿਆ ਕਿ ਲੜੀ ਨੰ: 9 ਤੇ ਦਰਜ਼ ਪ੍ਰੋਵ: ਐਂਡ ਲੇਇੰਗ ਪੀ.ਸੀ. ਇਨ ਸਟਰੀਟ ਨੰ: 2 ਹਰੀ ਨਗਰ ਐਂਡ ਨੀਅਰ ਬੀਕਾਨੇਰ ਫਾਟਕ ਦੇ ਕੰਮ ਦਾ ਨਾਮ ਬਦਲ ਕੇ ਪ੍ਰੋਵ: ਐਂਡ ਲੇਇੰਗ ਪੀ.ਸੀ. ਇਨ ਸਟਰੀਟ ਨੰ: 2 ਹਰੀ ਨਗਰ ਅਤੇ ਸੰਗੂਆਣਾ ਬਸਤੀ ਮੇਨ ਰੋਡ ਡਾ: ਰਾਜ ਕੁਮਾਰ ਵਾਲੀ ਗਲੀ ਕਰਨਾ ਪਾਸ ਕੀਤਾ ਜਾਂਦਾ ਹੈ। ਮਜ਼ੀਦ ਇਹ ਵੀ ਪਾਸ ਕੀਤਾ ਗਿਆ ਕਿ ਲੜੀ ਨੰ: 6 ਅਤੇ 7 ਤੇ ਦਰਜ਼ ਕੰਮਾਂ ਤਹਿਤ ਜ਼ੋਗਰ ਪਾਰਕ, ਰੋਜ਼ ਗਾਰਡਨ ਅਤੇ ਹੋਰ ਪਾਰਕਾਂ ਵਿੱਚ ਠੇਕੇ ਤੇ ਕੰਮ ਕਰ ਰਹੇ ਵਰਕਰਾਂ ਨੂੰ ਮਿਤੀ 25.11.2018 ਤੋਂ ਹੀ ਬਣਦੀ ਅਦਾਇਗੀ ਕੀਤੀ ਜਾਵੇ।ਮਜ਼ੀਦ ਇਹ ਵੀ ਪਾਸ ਕੀਤਾ ਗਿਆ ਕਿ ਵਣ ਮੰਡਲ ਅਫਸਰ, ਬਠਿੰਡਾ ਦੇ ਪ੍ਰਾਪਤ ਪੱਤਰ ਨੰ: 6725 ਮਿਤੀ 20.12.2018 ਅਨੁਸਾਰ **Diversion of 0.0561 ha. Forest land in favour of Commissioner, Municipal Corporation Bathinda for construction of OHSR & UGSR on PRTC Road in land forest range office, Bir Talab under Distt. & Forest Division, Bathinda** ਦੇ ਕੰਮ ਲਈ ਆਉਣ ਵਾਲੇ ਖਰਚੇ ਮੁਬਲਿਗ 103299/- ਰੁਪਏ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਏਜੰਡਾ ਨੰ: 7

ਰਿਪੋਰਟ ਸਿਹਤ ਸ਼ਾਖਾ ਕਿ Operation and Maintenance of 25 Public Toilet Blocks and 7 Community Toilets situated at various places within municipal limits of Municipal Corporation Bathinda, Punjab for one year ਦਾ ਕੰਮ ਦੀ ਚਹਿਲਾ ਵਾਲਾ ਕੋ-ਅੱਪ ਐਲ.ਸੀ. ਸੋਸਾਇਟੀ ਨੂੰ 3068/ਐਚ.ਓ ਮਿਤੀ 08.12.2017 ਰਾਹੀਂ ਅਲਾਟ ਕੀਤਾ ਗਿਆ ਸੀ। ਇਸ ਕੰਮ ਲਈ ਨਗਰ ਨਿਗਮ ਹਾਊਸ ਵੱਲੋਂ ਮਤਾ ਨੰ: 26 ਮਿਤੀ 06.09.2017 ਰਾਹੀਂ ਮੁਬਲਿਗ 125.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲਈ ਕੇਸ ਸਰਕਾਰ ਪਾਸ ਭੇਜਿਆ ਗਿਆ ਸੀ। ਜਿਸ ਦੀ ਪ੍ਰਵਾਨਗੀ ਚੀਫ ਇੰਜੀਨੀਅਰ (ਓ.ਐਂਡ ਐਮ.) ਸਥਾਨਕ ਸਰਕਾਰ ਵਿਭਾਗ ਜੀ ਵੱਲੋਂ ਆਪਣੇ ਪੱਤਰ ਨੰ: PMIDC/CE(O&M)-2018/SPL-1 ਮਿਤੀ 13.06.2018 ਰਾਹੀਂ ਦਿੱਤੀ ਗਈ ਸੀ ਅਤੇ ਇਸ ਮਤੇ ਦੀ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰ: 34692 ਮਿਤੀ 03.07.2018 ਰਾਹੀਂ ਦਿੱਤੀ ਗਈ ਸੀ। ਕਿਉਂ ਜੋ ਸਰਕਾਰ ਪਾਸੋਂ ਇਸ ਮਤੇ ਅਤੇ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਪ੍ਰਾਪਤ ਹੋਣ ਵਿੱਚ ਸਮਾਂ ਲੱਗ ਗਿਆ, ਜਿਸ ਕਾਰਨ ਉਕਤ ਅਨੁਸਾਰ ਚੱਲ ਰਹੇ ਕੰਮ ਦੀ ਸਮਾਂ ਮਿਆਦ ਵਿੱਚ ਉੱਚ ਅਧਿਕਾਰੀਆਂ ਪਾਸੋਂ ਪ੍ਰਵਾਨਗੀ ਲੈ ਕੇ ਵਾਧਾ ਕੀਤਾ ਗਿਆ ਹੈ।

ਸਰਕਾਰ ਪਾਸੋਂ ਪ੍ਰਵਾਨਗੀ ਹਾਸਲ ਹੋਣ ਉਪਰੰਤ ਇਸ ਕੰਮ ਦਾ ਟੈਂਡਰ ਮਿਤੀ 13.07.2018 ਨੂੰ ਕਾਲ ਕੀਤਾ ਗਿਆ ਸੀ। ਠੇਕੇਦਾਰਾਂ ਦੀ ਮੰਗ ਤੇ ਇੰਨ੍ਹਾਂ ਟੈਂਡਰਾਂ ਦੀ ਮਿਤੀ 10.08.2018 ਤੱਕ ਵਧਾਈ ਗਈ ਸੀ। ਪਰੰਤੂ ਇਸ ਕੰਮ ਲਈ ਸਿਰਫ 2 ਯੋਗ ਬਿਡਰ ਹੀ ਪ੍ਰਾਪਤ ਹੋਣ ਕਾਰਨ ਇਸ ਕੰਮ ਲਈ ਦੋਬਾਰਾ ਮਿਤੀ 08.10.2018 ਨੂੰ ਟੈਂਡਰ ਮੰਗੇ ਗਏ ਸਨ। ਇਸ ਵਿੱਚ 3 ਯੋਗ ਫਰਮਾਂ ਦੇ ਟੈਂਡਰ ਪ੍ਰਾਪਤ ਹੋਏ ਹਨ, ਜਿਸਦੀ ਪ੍ਰਵਾਨਗੀ ਐਫ.ਐਂਡ ਸੀ.ਸੀ. ਕਮੇਟੀ ਦੀ ਮੀਟਿੰਗ ਮਿਤੀ 26.10.2018 ਨੂੰ ਪਾਸ ਕਰ ਦਿੱਤਾ ਗਿਆ ਹੈ। ਕੰਪੈਰੇਟਿਵ ਸਟੇਟਮੈਂਟ ਦੀ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਪਾਸੋਂ ਪ੍ਰਵਾਨਤ ਕਰਵਾਈ ਜਾਣੀ ਹੈ। ਕੰਪੈਰੇਟਿਵ ਸਟੇਟਮੈਂਟ ਦੀ ਪ੍ਰਵਾਨਗੀ ਲਈ ਕੇਸ ਸਰਕਾਰ ਪਾਸੋਂ ਆਉਣ ਉਪਰੰਤ ਨਵਾਂ ਵਰਕ ਆਰਡਰ ਜਾਰੀ ਕੀਤਾ ਜਾ ਸਕਦਾ ਹੈ। ਤੱਦ ਤੱਕ ਪਿਛਲੀ ਏਜੰਸੀ ਤੋਂ ਹੀ ਕੰਮ ਕਰਵਾਉਣਾ ਪਵੇਗਾ। ਇਸ ਲਈ ਪਿਛਲੀ Extension ਅਤੇ ਅੱਗੇ ਨਵੰਬਰ 2018 ਤੱਕ Extension ਲਈ ਕੇਸ ਹਾਊਸ ਦੀ ਪ੍ਰਵਾਨਗੀ ਹਿੱਤ।

**ਮਤਾ ਨੰਬਰ 75:** **ਪਾਸ ਕੀਤਾ ਗਿਆ ਕਿ ਸਵੱਛ ਭਾਰਤ ਮਿਸ਼ਨ ਨੂੰ ਧਿਆਨ ਵਿੱਚ ਰਖਦੇ ਹੋਏ ਪਬਲਿਕ ਟਾਇਲਟਸ ਅਤੇ ਕੰਮਿਉਨਿਟੀ ਟਾਇਲਟ ਨੂੰ ਚਲਾਉਣਾ ਅਤਿ ਜਰੂਰੀ ਹੈ। ਇਸ ਲਈ ਮਾਹ ਮਾਰਚ 2019 ਤੱਕ ਇਸ ਮੱਦ ਦੀ Extension ਦਿੱਤੀ ਜਾਂਦੀ ਹੈ।**

**ਏਜੰਡਾ ਨੰਬਰ: 8**

ਰਿਪੋਰਟ ਵਰਕਸ ਸ਼ਾਖਾ ਕਿ "As per requirements of Swachhata Survekshan 2019, 10% of Public Toilet must have Sanitary Napking Vending Machines. The cost for procurement of these 10 machines is Rs. 1.50 lakh @ Rs. 15000/- each".

Permission may be granted to procure these machines, please.

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਹਾਊਸ ਦੀ ਪ੍ਰਵਾਨਗੀ ਦੀ ਆਸ ਵਿੱਚ ਅਗ੍ਰਿਮ ਮੰਨਜ਼ੂਰੀ ਦਿੱਤੀ ਜਾਵੇ ਕਿਉਂਕਿ ਹਾਊਸ ਦੀ ਮੀਟਿੰਗ ਕਾਫੀ ਲੇਟ ਹੋ ਸਕਦੀ ਹੈ, ਪਰੰਤੂ ਕੰਮ ਅਤਿ ਜਰੂਰੀ ਹੈ। ਮਾਨਯੋਗ ਮੇਅਰ ਸਾਹਿਬ ਵੱਲੋਂ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਮਿਤੀ 28.11.2018 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 76:** **ਨੋਟ ਕੀਤਾ। ਪ੍ਰਵਾਨ ਹੈ।**

**ਏਜੰਡਾ ਨੰਬਰ: 9**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਸਵੱਛ ਸਰਵੇਖਣ 2019 ਵਿੱਚ ਭਾਗ ਲੈ ਰਿਹਾ ਹੈ। ਇਸ ਵਿੱਚ ਟਾਇਲਟ ਦੇ ਨਾਲ ਬਾਥਰੂਮ ODF + ਦੀ ਸ਼ਰਤ ਹੈ। ਸੋ ਵੱਖ-ਵੱਖ ਥਾਂਵਾਂ ਤੇ ਟਾਇਲਟ ਦੇ ਨਾਲ ਬਾਥਰੂਮ ਬਨਾਉਣ ਦਾ ਤਖਮੀਨਾ ਮੁਬਲਿਗ 8.50 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "It is an urgent work required to be carried out earliest, i.e. before SS 2019. House meeting is uncertain. May be approved in anticipation of approval of House".

ਮਾਨਯੋਗ ਮੇਅਰ ਸਾਹਿਬ ਵੱਲੋਂ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਮਿਤੀ 28.11.2018 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 77:** **ਨੋਟ ਕੀਤਾ। ਪ੍ਰਵਾਨ ਹੈ।**

**ਏਜੰਡਾ ਨੰਬਰ: 10**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਸਵੱਛ ਸਰਵੇਖਣ 2019 ਵਿੱਚ ਭਾਗ ਲੈ ਰਿਹਾ ਹੈ, ਜਿਸ ਕਰਕੇ ਸ਼ਹਿਰ ਦੇ ਵੱਖ-ਵੱਖ ਭਾਗਾਂ ਵਿੱਚ ਵਾਲ ਪੇਟਿੰਗ ਕਰਵਾਈ ਜਾਣੀ ਹੈ ਤਾਂ ਜੋ ਆਮ ਪਬਲਿਕ ਨੂੰ ਸਵੱਛਤਾ ਸਰਵੇਖਣ ਅਤੇ ਸਵੱਛਤਾ ਬਾਰੇ ਜਾਣੂ ਕਰਵਾਇਆ ਜਾ ਸਕੇ। ਸੋ ਵਾਲ ਪੇਟਿੰਗ ਕਰਵਾਉਣ ਲਈ ਤਖਮੀਨਾ 3,57,000/- ਰੁਪਏ ਦਾ ਤਿਆਰ ਕੀਤਾ ਗਿਆ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Work is urgent. SS2019 is approaching. May be approved in anticipation of House House meeting is not certain".

ਮਾਨਯੋਗ ਮੇਅਰ ਸਾਹਿਬ ਵੱਲੋਂ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਮਿਤੀ 28.11.2018 ਨੂੰ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 78:** **ਨੋਟ ਕੀਤਾ।ਪ੍ਰਵਾਨ ਹੈ।**

**ਏਜੰਡਾ ਨੰਬਰ:** 11

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਕੋਂਸਲਰਾਂ ਵੱਲੋਂ ਮੰਗ ਕੀਤੀ ਹੈ ਕਿ ਸ਼ਹਿਰ ਅੰਦਰ ਕਈ ਇਲਾਕੇ ਅਜਿਹੇ ਹਨ, ਜਿੱਥੇ ਨਗਰ ਨਿਗਮ ਦੀਆਂ ਵੱਡੀਆਂ ਫੌਗਿੰਗ ਮਸ਼ੀਨਾਂ ਨਹੀਂ ਜਾ ਸਕਦੀਆਂ। ਸੋ ਸ਼ਹਿਰ ਅੰਦਰ ਡੇਂਗੂ ਦੇ ਕੇਸਾਂ ਵਿੱਚ ਹਰ ਰੋਜ਼ ਵਾਧਾ ਹੋਇਆ ਹੈ। ਡੇਂਗੂ ਤੇ ਕੰਟਰੋਲ ਕਰਨਾ ਅਤਿ ਜਰੂਰੀ ਹੈ ਤਾਂ ਜੋ ਸ਼ਹਿਰ ਨੂੰ ਡੇਂਗੂ ਵਰਗੀਆਂ ਭਿਆਨਕ ਬੀਮਾਰੀਆ ਤੋਂ ਬਚਾਅ ਕੀਤਾ ਜਾ ਸਕੇ। ਉਕਤ ਜਾਇਜ ਮੰਗਾਂ ਨੂੰ ਮੁੱਖ ਰਖਦੇ ਹੋਏ 10 ਛੋਟੀਆਂ ਹੈਂਡੀ ਮਸ਼ੀਨਾਂ ਖਰੀਦ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ। ਇਹ ਯੋਗ ਹੋਵੇਗਾ ਕਿ ਇਹ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਾਨਯੋਗ ਮੇਅਰ ਸਾਹਿਬ ਦੀ ਮੰਨਜ਼ੂਰੀ ਲੈ ਕੇ ਖਰੀਦ ਕਰ ਲਈਆਂ ਜਾਣ। ਮਸ਼ੀਨਾਂ ਖਰੀਦ ਕਰਨ ਤੇ ਲਗਭਗ 10,00,000/- (ਦੱਸ ਲੱਖ ਰੁਪਏ) ਖਰਚਾ ਆਵੇਗਾ। ਇਸ ਸਬੰਧੀ ਮਾਨਯੋਗ ਮੇਅਰ ਸਾਹਿਬ ਵੱਲੋਂ ਮਿਤੀ 17.10.2018 ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 79:** **ਨੋਟ ਕੀਤਾ। ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਕਿਉਂ ਜੋ ਮੌਸਮ ਬਿਲਕੁੱਲ ਠੰਡਾ ਹੋ ਚੁੱਕਾ ਹੈ ਅਤੇ ਡੈਂਗੂ ਦਾ ਕਹਿਰ ਘੱਟ ਗਿਆ ਹੈ। ਇਸ ਲਈ ਦਫਤਰ ਵੱਲੋਂ ਇਸ ਤਖਮੀਨੇ ਤਹਿਤ ਜੋ 5 ਹੈਂਡੀ ਮਸ਼ੀਨਾਂ ਦੀ ਖਰੀਦ ਕੀਤੀ ਗਈ ਹੈ, ਉਹ ਸ਼ਹਿਰ ਲਈ ਫਿਲਹਾਲ ਕਾਫੀ ਹਨ। ਇਸ ਲਈ ਹੋਰ ਮਸ਼ੀਨਾਂ ਦੀ ਖਰੀਦ ਨਾ ਕੀਤੀ ਜਾਵੇ ਅਤੇ ਇਸ ਤਖਮੀਨੇ ਵਿੱਚੋਂ ਕੋਈ ਹੋਰ ਖਰਚਾ ਵੀ ਨਾ ਕੀਤਾ ਜਾਵੇ। ਭੱਵਿਖ ਵਿੱਚ ਜੇਕਰ ਹੋਰ ਮਸ਼ੀਨਾਂ ਖਰੀਦ ਕਰਨ ਦੀ ਲੋੜ੍ਹ ਪੈਂਦੀ ਹੈ ਤਾਂ ਇਸਦੀ ਨਵੀਂ ਮੰਨਜ਼ੂਰੀ ਹਾਊਸ ਪਾਸੋਂ ਲਈ ਜਾਵੇ।**

**ਏਜੰਡਾ ਨੰ:** 12

ਰਿਪੋਰਟ ਸੈਨੀਟੇਸ਼ਨ ਵਿਭਾਗ ਕਿ ਨਗਰ ਨਿਗਮ ਬਠਿੰਡਾ ਦੇ ਕੁੱਲ੍ਹ 50 ਵਾਰਡ ਹਨ। ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਸ਼ਰਤਾਂ ਤਹਿਤ ਹਾਊਸ ਦੇ ਮਤਾ ਨੰ: 56 ਮਿਤੀ: 25.09.2018 ਰਾਹੀਂ ਬਠਿੰਡਾ ਸ਼ਹਿਰ ਨੂੰ 2 ਸਟਾਰ ਘੋਸ਼ਿਤ ਕੀਤਾ ਗਿਆ ਹੈ। ਭਾਰਤ ਸਰਕਾਰ ਦੇ ਨਿਰਧਾਰਤ ਮਾਪਦੰਡਾਂ ਅਨੁਸਾਰ ਜਿਵੇਂ ਕਿ Door to Door Collection 80%, Segregation at Source at least 50%, Sweeping in public, Commercial and residential areas 100%, Segregated Litter bins placed at least 50%, Waste Storage bins placed and planned for material recovery facility, identified bulk waste generator and issued official notice for Compliance with SWM Rules 2016, Framed and collected user Charges from commercial, institutional and industrial establishments, Notified Penalties and spot fines, Implementation of plastic ban less than 50 microns, Scientific Waste processing at least 50%, Land for dumping identified, 50% of C&D Waste generated is used/ processed in Municipal limits or in a designated C&D recycling plant, Swachhata app download users at least 5% of households, 50% complaints resolved within SLA time. Remediation of dump sites in city has been approved there is no visible solid waste in water drains and storm water bodies ਦੀਆਂ 100% ਸ਼ਰਤਾ ਨੂੰ ਪੂਰੀਆਂ ਕਰਦਾ ਹੈ। ਇਸ ਤਹਿਤ ਨਗਰ ਨਿਗਮ ਸਰਕਾਰ ਦੀਆਂ ਹਦਾਇਤਾਂ ਅਤੇ ਸ਼ਰਤਾਂ ਅਨੁਸਾਰ 2 ਸਟਾਰ ਘੋਸ਼ਿਤ ਕਰਨ ਲਈ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਬਠਿੰਡਾ ਸ਼ਹਿਰ ਦੇ 50 ਵਾਰਡਾਂ ਨੂੰ 2 ਸਟਾਰ ਘੋਸ਼ਿਤ ਕਰਨ ਲਈ ਦੈਨਿਕ ਜਾਗਰਣ ਅਖਬਾਰ ਮਿਤੀ: 19.10.2018 ਰਾਹੀਂ ਅਤੇ ਜਗਬਾਣੀ ਅਖਬਾਰ ਵਿੱਚ ਲੋੜੀਂਦੀ ਪ੍ਰਕਾਸ਼ਨਾ ਕਰਵਾ ਕੇ ਪਬਲਿਕ ਤੋਂ 15 ਦਿਨਾਂ ਦੇ ਸਮੇਂ ਵਿਚਕਾਰ ਇਤਰਾਜ਼ ਮੰਗੇ ਗਏ ਸਨ ਅਤੇ ਕਿਸੇ ਵੀ ਤਰ੍ਹਾਂ ਦਾ ਇਤਰਾਜ਼ ਨਗਰ ਨਿਗਮ, ਬਠਿੰਡਾ ਨੂੰ ਪ੍ਰਾਪਤ ਨਹੀਂ ਹੋਇਆ ਹੈ। ਇਸ ਲਈ ਨਗਰ ਨਿਗਮ ਬਠਿੰਡਾ ਦੇ 50 ਵਾਰਡਾਂ ਨੂੰ 2 ਸਟਾਰ ਘੋਸ਼ਿਤ ਕੀਤਾ ਜਾਂਦਾ ਹੈ। ਕੇਸ ਹਾਊਸ ਦੀ ਸੂਚਨਾ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ 80:** **ਪ੍ਰਵਾਨ ਹੈ।**

**ਏਜੰਡਾ ਨੰ:** 13

ਰਿਪੋਰਟ ਸੈਨੀਟੇਸ਼ਨ ਵਿਭਾਗ ਕਿ ਨਗਰ ਨਿਗਮ ਬਠਿੰਡਾ ਦੇ ਕੁੱਲ 50 ਵਾਰਡ ਹਨ। ਭਾਰਤ ਸਰਕਾਰ ਵੱਲੋਂ ਸੱਵਛ ਭਾਰਤ ਮਿਸ਼ਨ ਤਹਿਤ ਜਾਰੀ ਕੀਤੀਆਂ ਹੱਦਾਇਤਾਂ ਅਤੇ ਸ਼ਰਤਾਂ ਤਹਿਤ ਬਠਿੰਡਾ ਸ਼ਹਿਰ ਨੂੰ 3 ਸਟਾਰ ਘੋਸ਼ਿਤ ਕੀਤਾ ਜਾਣਾ ਹੈ। ਭਾਰਤ ਸਰਕਾਰ ਦੇ ਨਿਰਧਾਰਤ ਮਾਪਦੰਡਾਂ ਅਨੁਸਾਰ ਜਿਵੇਂ ਕਿ Door to Door collection (100%), segregation at source at least 80%, daily sweeping of 100% public, commercial and residential areas, segregated liter bins placed at least 80%, waste storage bins placed in strategic locations, fully functional material recovery facility, all commercial bulk waste generators are defined by SWM Rules 2016, framed and collected user charges from all households/premises including residential, commercial, institutional and industrial establishments, notified and implemented penalties in 100% premises including littering in storm water drains and water bodies, notification and enforcement of plastic ban less than 50 microns, Scientific waste processing is at least 100%, there is no unprocessed waste Inert/left over material is transported to scientific landfill, 75% of C&D waste generated is issued/processed within Municipal Limits or in a designated C&D recycling plant, provision made for use of C&D material in 5% Municipal construction activities. Swachhata App downloaded users at least 10% of households, 75% of complaints resolved within SLA time. Remediation of dump site has been approved and work completed, No visible solid waste in 100% water bodies and storm water drains ਨੂੰ ਪੂਰੀਆਂ ਕਰਦਾ ਹੈ। ਇਸ ਤਹਿਤ ਨਗਰ ਨਿਗਮ ਬਠਿੰਡਾ ਸਰਕਾਰ ਦੀਆਂ ਹੱਦਾਇਤਾਂ ਅਤੇ ਸ਼ਰਤਾਂ ਅਨੁਸਾਰ 3 ਸਟਾਰ ਘੋਸ਼ਿਤ ਕਰਨ ਲਈ ਸ਼ਰਤਾਂ ਪੂਰੀਆਂ ਕਰਦਾ ਹੈ ਅਤੇ ਇਸ ਲਈ ਬਠਿੰਡਾ ਸ਼ਹਿਰ ਦੇ 50 ਵਾਰਡਾਂ ਨੂੰ 3 ਸਟਾਰ ਘੋਸ਼ਿਤ ਕਰਨ ਲਈ ਅਖਬਾਰਾਂ ਵਿੱਚ ਲੋੜੀਂਦੀ ਪ੍ਰਕਾਸ਼ਣਾ ਕਰਵਾਕੇ ਪਬਲਿਕ ਤੋਂ 15 ਦਿਨਾਂ ਦੇ ਸਮੇਂ ਵਿਚਕਾਰ ਇਤਰਾਜ ਮੰਗੇ ਜਾਣ। ਕੇਸ ਹਾਊਸ ਦੀ ਸੂਚਨਾਂ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

<u>ਮਤਾ ਨੰਬਰ 81:</u> ਪ੍ਰਵਾਨ ਹੈ।

<u>ਏਜੰਡਾ ਨੰ: 14</u>

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵੱਲੋਂ ਅਪੀਲ ਨੰਬਰ 70 ਆਂਫ 2012 ਵਿੱਚ ਕੀਤੇ ਹੁਕਮਾਂ ਅਨੁਸਾਰ 1 ਮਈ ਤੋਂ ਰੋਜ਼ਾਨਾ ਕੂੜ੍ਹੇ ਦੀ ਕੁਲੈਕਸ਼ਨ ਅਤੇ ਪ੍ਰੋਸੈਸਿੰਗ ਪਲਾਂਟ ਤੱਕ ਕੂੜੇ ਦੀ ਢੁਆਈ ਦਾ ਕੰਮ ਕਲੱਸਟਰ ਸ਼ਹਿਰ ਦੀਆਂ ਨਗਰ ਨਿਗਮ ਜਾਂ ਨਗਰ ਕੌਂਸਲਾਂ ਵੱਲੋਂ ਕੀਤਾ ਜਾਣਾ ਹੈ। ਨਗਰ ਨਿਗਮ ਬਠਿੰਡਾ ਵੱਲੋਂ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਦੇ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਸ਼ਹਿਰ ਦਾ ਕੂੜਾ ਰੋਜ਼ਾਨਾ ਆਪਣੇ ਪੱਧਰ ਤੇ ਡੋਰ ਟੂ ਡੋਰ ਰਿਕਸ਼ਿਆਂ ਨਾਲ ਕੁਲੈਕਸ਼ਨ ਕਰਕੇ ਸੈਕੰਡਰੀ ਪੁਆਇੰਟਾਂ ਅਤੇ ਸੈਕੰਡਰੀ ਪੁਆਇਟਾਂ ਤੋਂ ਕੰਪੈਕਟਰ/ ਟਰਾਲੀਆਂ ਰਾਹੀਂ ਪ੍ਰੋਸ਼ੈਸਿੰਗ ਪਲਾਂਟ ਤੇ ਪਹੁੰਚਾਇਆ ਜਾ ਰਿਹਾ ਹੈ।

ਉਪਰੋਕਤ ਹੁਕਮਾਂ, ਸਵੱਛਤਾ ਸਰਵੇਖਣ 2019 ਅਤੇ ਸ਼ਹਿਰ ਦੀ ਸਟਾਰ ਰੇਟਿੰਗ ਨੂੰ ਧਿਆਨ ਵਿੱਚ ਰਖਦੇ ਹੋਏ ਸ਼ਹਿਰ ਨੂੰ ਬਿਨ ਫ੍ਰੀ ਕਰਨ ਦੀ ਤਜਵੀਜ ਹੈ, ਜਿਸ ਲਈ ਨਗਰ ਨਿਗਮ ਵੱਲੋਂ ਮਤਾ ਨੰਬਰ 82 ਮਿਤੀ 14.03.2018 ਰਾਹੀਂ 62 ਮਿੰਨੀ ਟਿੱਪਰ ਅਤੇ 2 ਕੰਪੈਕਟਰ ਖਰੀਦ ਲਈ ਮਤਾ ਪ੍ਰਵਾਨ ਕੀਤਾ ਗਿਆ ਸੀ। ਪਰੰਤੂ ਇਹ ਮਤਾ ਲਾਗੂ ਨਹੀਂ ਕੀਤਾ ਜਾ ਸਕਿਆ ਅਤੇ ਨਗਰ ਨਿਗਮ ਵੱਲੋਂ ਵੇਸਟ ਕੁਲੈਕਟਰਾਂ ਜੋ ਕਿ ਪਹਿਲਾਂ ਜੇ.ਆਈ.ਟੀ.ਐਫ. ਕੰਪਨੀ ਦੇ ਅਧੀਨ ਕੰਮ ਕਰ ਰਹੇ ਸਨ, ਉਨ੍ਹਾਂ ਦੁਆਰਾ ਰਿਕਸ਼ਾ ਰੇਹੜੀਆਂ ਰਾਹੀਨ ਡੋਰ ਟੂ ਡੋਰ ਵੇਸਟ ਕੁਲੈਕਸ਼ਨ ਦਾ ਕੰਮ ਕਰਵਾਇਆ ਜਾ ਰਿਹਾ ਹੈ। ਪਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਇੰਨ੍ਹਾਂ ਵੇਸਟ ਕੁਲੈਕਟਰਾਂ ਵੱਲੋਂ ਨਿਰਧਾਰਤ ਰੇਟਾਂ ਤੋਂ ਵੱਧ ਯੂਜ਼ਰ ਚਾਰਜ਼ਜ਼ ਵਸੂਲ ਕੀਤੇ ਜਾ ਰਹੇ ਹਨ ਅਤੇ ਇੰਨ੍ਹਾਂ ਵੱਲੋਂ ਪੂਰਾ ਏਰੀਆ ਵੀ ਕਵਰ ਨਹੀਂ ਕੀਤਾ ਜਾ ਰਿਹਾ ਅਤੇ ਇੰਨ੍ਹਾਂ ਵਿੱਚੋਂ ਕੁੱਝ ਵੱਲੋਂ ਕੂੜਾ ਨਿਰਧਾਰਤ ਸੈਕੰਡਰੀ ਪੁਆਇੰਟਾਂ ਤੇ ਨਾ ਸੁੱਟ ਕੇ ਆਸ-ਪਾਸ ਸ਼ਹਿਰ ਦੇ ਵਿੱਚ ਖਾਲੀ ਥਾਂਵਾਂ ਤੇ ਸੁੱਟਿਆ ਜਾ ਰਿਹਾ ਹੈ। ਨਗਰ ਨਿਗਮ ਵੱਲੋਂ ਉਕਤ ਕਮੀਆਂ ਨੂੰ ਦੂਰ ਕਰਨ, ਸਵੱਛਤਾ ਸਰਵੇਖਣ 2019 ਅਤੇ ਸ਼ਹਿਰ ਸੀ ਸਟਾਰ ਰੇਟਿੰਗ ਨੂੰ ਧਿਆਨ ਵਿੱਚ ਰਖਦੇ ਹੋਏ ਮਤਾ ਨੰ: 55 ਮਿਤੀ 25.09.2018 ਨੂੰ ਮਿੰਨੀ ਟਿੱਪਰਾਂ ਦੀ ਖਰੀਦ ਦੀ ਮੁੜ੍ਹ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਨਗਰ ਨਿਗਮ ਵੱਲੋਂ ਇੰਨ੍ਹਾਂ ਟਿੱਪਰਾਂ ਦੀ ਖਰੀਦ ਕਰਨ ਲਈ ਟੈਂਡਰ ਕਾਲ ਕੀਤਾ ਹੋਇਆ ਹੈ। ਇਸ ਲਈ ਲੋੜੀਂਦੇ ਮਿੰਨੀ ਟਿੱਪਰਾਂ ਲਈ ਨਗਰ ਨਿਗਮ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ PMIDC ਤੋਂ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚੋਂ ਖਰੀਦ ਕੀਤੇ ਜਾਣੇ ਹਨ। ਇਸ ਤਜਵੀਜ ਮੁਤਾਬਿਕ ਸਾਰਾ ਕੂੜਾ (ਰਿਹਾਇਸ਼ੀ ਅਤੇ ਕਮਰਸ਼ੀਅਲ) ਮਿੰਨੀ ਟਿੱਪਰਾਂ ਰਾਹੀਂ ਕੁਲੈਕਟ ਕਰਕੇ ਸਿੱਧਾ ਹੀ ਉਨ੍ਹਾ ਦੁਆਰਾ ਹੀ ਪ੍ਰੋਸੈਸਿੰਗ ਪਲਾਂਟ ਸਾਈਟ ਤੇ ਪਹੁੰਚਾਇਆ ਜਾਵੇਗਾ, ਜਿਸ ਕਰਕੇ Secondary Collection Point (SCP) ਦੀ ਲੋੜ ਨਹੀਂ ਰਹੇਗੀ। ਕੂੜੇ ਦੀ ਰੀ-ਹੈਂਡਲਿੰਗ ਤੋਂ ਬਚਿਆ ਜਾ ਸਕੇਗਾ ਅਤੇ ਸ਼ਹਿਰ ਦੀ ਦਿੱਖ ਵੀ ਸੋਹਣੀ ਹੋਵੇਗੀ।

ਨਗਰ ਨਿਗਮ ਵੱਲੋਂ ਇੰਨ੍ਹਾਂ ਟਿੱਪਰਾਂ ਰਾਹੀਂ ਕੂੜਾ ਪ੍ਰੋਸੈਸਿੰਗ ਪਲਾਂਟ ਤੇ ਪਹੁੰਚਾਉਣ ਦਾ ਕੰਮ ਆਪਣੇ ਪੱਧਰ ਤੇ ਨਾ ਕਰਕੇ ਟੈਂਡਰ ਕਾਲ ਕਰਕੇ ਠੇਕੇਦਾਰ ਨੂੰ ਦਿੱਤਾ ਜਾਣਾ ਯੋਗ ਹੋਵੇਗਾ ਕਿਉਂਕਿ ਨਗਰ ਨਿਗਮ ਪਾਸ ਇਸ ਕੰਮ ਨੂੰ ਸੁੱਚਜੇ ਢੰਗ ਨਾਲ ਕਰਨ ਲਈ ਲੋੜੀਂਦੇ ਢੁਕਵੇਂ ਪ੍ਰਬੰਧ ਜਿਵੇਂ ਕਿ ਗੱਡੀਆਂ ਦੀ ਮੈਨਟੀਨੈਂਸ ਲਈ ਵਰਕਸ਼ਾਪ ਅਤੇ ਮੈਨ ਪਾਵਰ ਨਹੀਂ ਹੈ। ਇਸ ਦੇ ਨਾਲ ਹੀ ਸੁਪਰਵਾਇਜ਼ਰੀ ਸਟਾਫ ਦੀ ਵੀ ਘਾਟ ਹੈ। ਅਜਿਹੇ ਹਾਲਾਤਾਂ ਵਿੱਚ ਨਵੇਂ ਮਿੰਨੀ

ਟਿੱਪਰਾਂ ਦੇ ਰੱਖ-ਰਖਾਵ ਅਤੇ ਇਸ ਨੂੰ ਸਹੀ ਢੰਗ ਨਾਲ ਚਲਾਉਣ ਬਾਰੇ ਬਹੁਤ ਯਕੀਨੀ ਤੋਰ ਤੇ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਇਸ ਕੰਮ ਲਈ ਉਪਰੋਕਤ ਅਨੁਸਾਰ ਨਗਰ ਨਿਗਮ ਵੱਲੋਂ ਖਰੀਦ ਕੀਤੇ ਜਾਣ ਵਾਲੇ ਮਿੰਨੀ ਟਿੱਪਰ ਯੋਗ ਠੇਕੇਦਾਰ ਨੂੰ ਦੇ ਕੇ ਡੋਰ ਟੂ ਡੋਰ ਕੂੜਾ ਕੂਲੈਕਟ ਕਰਕੇ ਪ੍ਰੋਸੈਸਿੰਗ ਪਲਾਂਟ ਤੇ ਪਹੁੰਚਾਉਣ ਦਾ ਕੰਮ ਠੇਕੇ ਤੇ ਕਰਵਾਉਣਾ ਉਚਿਤ ਹੋਵੇਗਾ। ਇਹ ਕੰਮ ਕਰਵਾਉਣ ਲਈ RFP ਬਣਾਇਆ ਗਿਆ ਹੈ। ਤਜਵੀਜ ਹਾਊਸ ਦੇ ਵਿਚਾਰ ਹਿੱਤ।

**ਸ੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਇਸ ਏਜੰਡੇ ਵਿੱਚ ਮਿੰਨੀ ਟਿੱਪਰ ਯੋਗ ਠੇਕੇਦਾਰ ਨੂੰ ਦੇਣ ਬਾਰੇ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਯੋਗ ਠੇਕੇਦਾਰ ਦੀ ਥਾਂ ਤੇ ਸਿਰਫ ਠੇਕੇਦਾਰ ਸ਼ਬਦ ਲਿਖਣਾ ਯੋਗ ਹੋਵੇਗਾ।**

**ਮਤਾ ਨੰਬਰ 82:** **ਪ੍ਰਵਾਨ ਹੈ। ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਖਰੀਦ ਕੀਤੇ ਜਾਣ ਵਾਲੇ ਮਿੰਨੀ ਟਿੱਪਰ ਠੇਕੇਦਾਰ ਨੂੰ ਦੇ ਕੇ ਡੋਰ ਟੂ ਡੋਰ ਕੂੜਾ ਕੂਲੈਕਟ ਕਰਕੇ ਪ੍ਰੋਸੈਸਿੰਗ ਪਲਾਂਟ ਤੇ ਪਹੁੰਚਾਉਣ ਦਾ ਕੰਮ ਠੇਕੇ ਤੇ ਕਰਵਾਇਆ ਜਾਵੇ। ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚੜਾਉਣ ਲਈ 7 ਮੈਂਬਰੀ ਸਬ-ਕਮੇਟੀ ਬਣਾਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਏਜੰਡਾ ਨੰਬਰ 15 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ ਸੀ.ਟੀ.ਪੀ. (ਸਸ)-2018/3548 ਮਿਤੀ 22.11.2018 ਰਾਹੀਂ ਨਵੇਂ ਮਿਉਂਸਪਲ ਬਿਲਡਿੰਗ ਬਾਈਲਾਜ਼ "ਪੰਜਾਬ ਮਿਉਂਸਪਲ ਬਿਲਡਿੰਗ ਬਾਈਲਾਜ਼ 2018" ਜਾਰੀ ਕੀਤੇ ਗਏ ਹਨ। ਸਥਾਨਕ ਸਰਕਾਰ ਦੇ ਪੱਤਰ ਨੰਬਰ ਸੀ.ਟੀ.ਪੀ. (ਸਸ) - 2018/3577 ਮਿਤੀ 26.11.2018 ਰਾਹੀਂ ਸਰਕਾਰ ਵੱਲੋਂ ਲਿਖਿਆ ਗਿਆ ਹੈ ਕਿ ਇਹ ਨਵੇਂ ਮਿਉਂਸਪਲ ਬਿਲਡਿੰਗ ਬਾਈਲਾਜ਼ ਨੋਟੀਫਿਕੇਸ਼ਨ ਦੀ ਮਿਤੀ 22.11.2018 ਤੋਂ ਲਾਗੂ ਹੋਣਗੇ। ਪਰੰਤੂ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੱਕ ਲੰਬਿਤ ਪਾਈਆਂ ਬਿਲਡਿੰਗ ਐਪਲੀਕੇਸ਼ਨਜ਼/ ਨਕਸ਼ਿਆਂ ਦੀ ਪ੍ਰਵਾਨਗੀ ਦੀਆਂ ਦਰਖਾਸਤਾਂ ਨੂੰ ਪ੍ਰਾਰਥੀ/ ਮਾਲਕ ਦੀ ਬੇਨਤੀ ਤੇ ਪਹਿਲਾਂ ਬਿਲਡਿੰਗ ਬਾਈਲਾਜ਼ ਦੇ ਅਧੀਨ ਵਿਚਾਰ ਦੀ (ਆਪਸ਼ਨ) ਇੱਛਾ ਮਰਜੀ ਹੋਵੇਗੀ। ਬਿਲਡਿੰਗ ਬਾਈਲਾਜ਼ ਨਿਗਮ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 83:** **ਪ੍ਰਵਾਨ ਹੈ।**

**ਏਜੰਡਾ ਨੰਬਰ 16 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸ਼ਹਿਰ ਵਿੱਚ ਬੇਸਹਾਰਾ ਪਸ਼ੂਧਨ ਦੀ ਗਿਣਤੀ ਦਿਨ ਬ ਦਿਨ ਵੱਧ ਰਹੀ ਹੈ। ਇਸ ਨਾਲ ਜਿੱਥੇ ਜਾਣੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ, ਉੱਥੇ ਨਿਗਮ ਦਾ ਅਕਸ ਵੀ ਖਰਾਬ ਹੋ ਰਿਹਾ ਹੈ। ਬੇਸਹਾਰਾ ਪਸ਼ੂਧਨ ਨੂੰ ਫੜ੍ਹ ਕੇ ਵੱਖ-ਵੱਖ ਗਊਸ਼ਾਲਾਵਾਂ ਵਿੱਚ ਛੱਡਣ ਲਈ ਨਗਰ ਨਿਗਮ ਦੀ ਟੀਮ ਵੱਲੋਂ ਕੰਮ ਕੀਤਾ ਜਾ ਰਿਹਾ ਹੈ। ਨਗਰ ਨਿਗਮ ਪਾਸ ਇਸ ਪਸ਼ੂਧਨ ਨੂੰ ਫੜ੍ਹਣ ਲਈ ਸਿਰਫ ਇਕ ਹੀ ਕਾਊ ਕੈਚਰ ਹੈ, ਜਿਸ ਵਿੱਚ ਸਿਰਫ 4 ਪਸ਼ੂ ਹੀ ਆਉਂਦੇ ਹਨ। ਇਸ ਤੋਂ ਇਲਾਵਾ ਨਗਰ ਨਿਗਮ ਦੇ ਤਕਰੀਬਨ 10 ਕਰਮਚਾਰੀ ਇਸ ਕੰਮ ਲਈ ਲੱਗੇ ਹੋਏ ਹਨ। ਇਕ ਦਿਨ ਵਿਚ ਜਿਆਦਾ ਤੋਂ ਜਿਆਦਾ 8 ਪਸ਼ੂ ਹੀ ਫੜ੍ਹ ਕੇ ਗਊਸ਼ਾਲਾ ਵਿਚ ਛੱਡੇ ਜਾਂਦੇ ਹਨ, ਜੋ ਕਿ ਪਸ਼ੂਧਨ ਦੀ ਆਬਾਦੀ ਨੂੰ ਦੇਖਦੇ ਹੋਏ ਬਹੁਤ ਘੱਟ ਹਨ। ਇਸ ਲਈ ਯੋਗ ਹੋਵੇਗਾ ਕਿ ਇਸ ਬੇਸਹਾਰਾ ਪਸ਼ੂਧਨ ਨੂੰ ਫੜ੍ਹ ਕੇ ਵੱਖ-ਵੱਖ ਗਊਸ਼ਾਲਾਵਾਂ ਵਿਚ ਛੱਡਣ ਲਈ ਕਿਸੇ ਪ੍ਰਾਈਵੇਟ ਏਜੰਸੀ ਨਾਲ ਸਪੰਰਕ ਕਰਨਾ ਯੋਗ ਹੋਵੇਗਾ ਤਾਂ ਜੋ ਵੱਧ ਤੋਂ ਵੱਧ ਪਸ਼ੂਧਨ ਫੜ੍ਹ ਕੇ ਗਊਸ਼ਾਲਾਵਾਂ ਵਿਚ ਭੇਜੇ ਜਾ ਸਕਣ। ਇਸ ਤੋਂ ਪਹਿਲਾਂ ਇਹ ਕੰਮ ਇਕ ਪ੍ਰਾਈਵੇਟ ਏਜੰਸੀ ਤੋਂ ਕਰਵਾਇਆ ਗਿਆ ਸੀ ਜਿਸ ਤੇ ਲਗਭਗ 450/- ਰੁਪਏ ਪ੍ਰਤੀ ਪਸ਼ੂ ਅਤੇ ਗਊਸ਼ਾਲਾ ਤੱਕ ਪਹੁੰਚ ਨਗਰ ਨਿਗਮ ਦੀ ਸੀ। ਇਸ ਨਾਲ ਜਿੱਥੇ ਬੇਸਹਾਰਾ ਪਸ਼ੂਧਨ ਤੋਂ ਜਲਦ ਤੋਂ ਜਲਦ ਨਿਜ਼ਾਤ ਮਿਲੇਗੀ, ਉੱਥੇ ਇਸ ਪਸ਼ੂਧਨ ਨੂੰ ਫੜ੍ਹਣ ਲਈ ਖਰਚਾ ਵੀ ਘੱਟ ਹੋਵੇਗਾ। ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸ਼ਹਿਰ ਤੋਂ ਬਾਹਰ ਪਸ਼ੂਧਨ ਨੂੰ ਗਊਸ਼ਾਲਾਵਾਂ ਵਿੱਚ ਛੱਡਣ ਖਾਤਰ ਪਹਿਲਾਂ ਨਗਰ ਨਿਗਮ ਵੱਲੋਂ ਪੁਖਤਾ ਇੰਤਜ਼ਾਮ ਕਰ ਲਏ ਜਾਣ।**

**ਮਤਾ ਨੰਬਰ 84:** **ਪ੍ਰਵਾਨ ਹੈ।**

**ਏਜੰਡਾ ਨੰਬਰ 17 :**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੀ ਹਦੂਦ ਅੰਦਰ ਮੁਰਦਾ ਪਸ਼ੂ ਚੁੱਕਣ ਦਾ ਕੰਮ ਠੇਕੇਦਾਰ ਨੂੰ ਦਿੱਤਾ ਹੋਇਆ ਸੀ। ਠੇਕੇਦਾਰ ਨੇ ਇਸ ਕੰਮ ਵਿੱਚ ਨੁਕਸਾਨ ਹੋਣ ਕਾਰਨ ਠੇਕੇ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਕੰਮ ਛੱਡ ਦਿੱਤਾ ਹੈ, ਜਿਸਦੀ ਇਤਲਾਹ ਉਸ ਵੱਲੋਂ ਨਗਰ ਨਿਗਮ ਬਠਿੰਡਾ ਵਿਖੇ ਦੇ ਦਿੱਤੀ ਗਈ ਸੀ। ਇਸ ਸਮੇਂ ਮੁਰਦਾ ਪਸ਼ੂ ਚੁੱਕਣ ਦਾ ਕੰਮ ਕਿਸੇ ਵੀ ਠੇਕੇਦਾਰ ਵੱਲੋਂ ਨਹੀਂ ਕੀਤਾ ਜਾ ਰਿਹਾ। ਇੱਥੇ ਇਹ ਵੀ ਦਸਣਯੋਗ ਹੈ ਕਿ ਦੋ ਵਾਰ ਇਸ ਕੰਮ ਲਈ ਨਿਗਮ ਵੱਲੋਂ ਬੋਲੀਆਂ ਵੀ ਕੀਤੀਆਂ ਜਾ ਚੁੱਕੀਆਂ ਹਨ। ਪਰ ਇਹ ਕੰਮ ਕਿਸੇ ਵੀ ਠੇਕੇਦਾਰ ਵੱਲੋਂ

ਨਹੀਂ ਲਿਆ ਗਿਆ। ਮੌਜੂਦਾ ਸਮੇਂ ਸ਼ਹਿਰ ਵਿੱਚ ਮੁਰਦਾ ਪਸ਼ੂਆਂ ਨੂੰ ਚੁੱਕਣ ਸਬੰਧੀ ਕੋਈ ਵੀ ਠੇਕੇਦਾਰ ਨਹੀਂ ਹੈ, ਜੋ ਕਿ ਬਹੁਤ ਵੱਡੀ ਸਮੱਸਿਆ ਬਣੀ ਹੋਈ ਹੈ।

ਨਿਗਮ ਦੀ ਹਦੂਦ ਅੰਦਰ ਮੁਰਦਾ ਪਸ਼ੂ ਚੁੱਕਣ ਲਈ ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਜਗਤ ਸਿੰਘ, ਵਾਸੀ ਬਲਾਹੜ ਵਿੰਜੂ, ਤਹਿ: ਗੋਨਿਆਣਾ, ਬਠਿੰਡਾ ਵੱਲੋਂ ਮਿਤੀ 11.12.2018 ਨੂੰ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਹ ਨਿਗਮ ਦੀ ਹਦੂਦ ਅੰਦਰੋ ਮੁਰਦਾ ਪਸ਼ੂ ਚੁੱਕ ਕੇ ਨਗਰ ਕੌਂਸਲ, ਗੋਨਿਆਣਾ ਵਿਖੇ ਹੱਡਾ ਰੋੜੀ ਤੇ ਲੈ ਕੇ ਜਾਵੇਗਾ। ਉਸ ਵੱਲੋਂ ਪ੍ਰਾਪਤ ਦਰਖਾਸਤ ਨੂੰ ਧਿਆਨ ਵਿੱਚ ਰਖਦੇ ਹੋਏ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਰਖਾਸਤਕਰਤਾ ਨੂੰ ਨਿਗਮ ਦੀ ਹਦੂਦ ਅੰਦਰੋ ਮੁਰਦਾ ਪਸ਼ੂ ਚੁੱਕਣ ਦਾ ਕੰਮ ਦਿੱਤਾ ਜਾਵੇਗਾ :-

1. ਇਹ ਕਿ ਉਹ ਕਿਸੇ ਵੀ ਸ਼ਹਿਰਵਾਸੀ ਤੋਂ ਮੁਰਦਾ ਪਸ਼ੂ ਚੁੱਕਣ ਵੱਜੋਂ ਕੋਈ ਫੀਸ ਜਾਂ ਪੈਸਾ ਨਹੀਂ ਵਸੂਲੇਗਾ।
2. ਇਹ ਕਿ ਉਹ ਇਸ ਕੰਮ ਲਈ ਆਪਣਾ ਵਹੀਕਲ ਅਤੇ ਲੇਬਰ ਆਪਣੇ ਹਰਜੇ ਅਤੇ ਖਰਚੇ ਤੇ ਹੀ ਕਰੇਗਾ।
3. ਇਹ ਕਿ ਉਹ ਮੁਰਦਾ ਪਸ਼ੂ ਸਬੰਧੀ ਸੁਚਨਾਂ ਮਿਲਣ ਤੇ ਤੁਰੰਤ ਕਾਰਵਾਈ ਕਰਨ ਦਾ ਪਾਬੰਦ ਹੋਵੇਗਾ।
4. ਇਹ ਕਿ ਉਹ ਕੈਟਲ ਪੌਂਡ ਹਰਰਾਏਪੁਰ ਅਤੇ ਸ਼੍ਰੀ ਵੰਸ਼ੀਧਰ ਗਊਸ਼ਾਲਾ, ਭੀਸੀਆਣਾ ਵਿਖੇ ਨਗਰ ਨਿਗਮ ਬਠਿੰਡਾ ਵੱਲੋਂ ਛੱਡੇ ਗਏ ਪਸ਼ੂਆਂ ਨੂੰ ਵੀ ਉਕਤ ਸ਼ਰਤਾਂ ਅਨੁਸਾਰ ਮੁਰਦਾ ਪਸ਼ੂ ਚੁੱਕਣ ਦਾ ਪਾਬੰਦ ਹੋਵੇਗਾ।

ਇੱਥੇ ਇਹ ਵੀ ਦਸਣਯੋਗ ਹੈ ਕਿ ਸਾਲ 2019 ਵਿੱਚ ਹੋਣ ਵਾਲੇ ਸਵੱਛ ਸਰਵੇਖਣ ਨੂੰ ਮੁੱਖ ਰਖਦਿਆਂ ਸ਼ਹਿਰ ਦੀ ਸਾਫ ਸਫਾਈ ਰੱਖਣਾ ਬਹੁਤ ਜਰੂਰੀ ਹੈ। ਇਸ ਹੋਣ ਵਾਲੇ ਸਰਵੇਖਣ ਵਿੱਚ ਸ਼ਹਿਰਵਾਸੀਆਂ ਦੀ ਸਕਾਰਾਤਮਕ ਫੀਡਬੈਕ ਪ੍ਰਾਪਤ ਕਰਨਾ ਵੀ ਨਿਗਮ ਦਾ ਮੁੱਖ ਟੀਚਾ ਹੈ।

ਉਕਤ ਸ਼ਰਤਾਂ ਦੇ ਆਧਾਰ ਤੇ ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਜਗਤ ਸਿੰਘ, ਵਾਸੀ ਬਲਾਹੜ੍ਹ ਵਿੰਜੂ, ਤਹਿ: ਗੋਨਿਆਣਾ, ਜਿਲ੍ਹਾ ਬਠਿੰਡਾ ਨੂੰ ਇਹ ਕੰਮ ਕਰਨ ਦੀ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 85:** **ਪ੍ਰਵਾਨ ਹੈ।**

**ਏਜੰਡਾ ਨੰਬਰ 18 :**

ਰਿਪੋਰਟ ਸਟੋਰਕੀਪਰ ਕਿ ਸਰਕਾਰ ਵੱਲੋਂ ਬਿਲਡਿੰਗ ਸ਼ਾਖਾ ਦੇ ਨਕਸ਼ਿਆਂ ਦਾ ਕੰਮ ਆਨ-ਲਾਇਨ ਕਰ ਦਿੱਤਾ ਗਿਆ ਹੈ। ਇਹ ਕੰਮ ਆਨ-ਲਾਇਨ ਹੋਣ ਕਾਰਨ ਸੀਨੀਅਰ ਨਗਰ ਯੋਜਨਾਕਾਰ, ਨਿਗਮ ਇੰਜੀਨੀਅਰ, ਸਕੱਤਰ, ਏ.ਟੀ.ਪੀ., ਐਸ.ਡੀ.ਓ., ਜੂਨੀਅਰ ਇੰਜੀਨੀਅਰ, ਬਿਲਡਿੰਗ ਇੰਸਪੈਕਟਰਾਂ ਨੂੰ ਲੈਪਟਾਪ ਦੀ ਜਰੂਰਤ ਹੈ। ਇਸ ਲਈ 16 ਲੈਪਟਾਪ ਵਧੀਆ ਕੰਪਨੀ ਦੇ ਖਰੀਦ ਕੀਤੇ ਜਾਣੇ ਹਨ। ਇਕ ਲੈਪਟਾਪ ਖਰੀਦ ਕਰਨ ਤੇ ਲਗਭਗ 60,000/- ਰੁਪਏ ਦਾ ਖਰਚਾ ਆਉਂਦਾ ਹੈ। ਇਸ ਲਈ 16 ਲੈਪਟਾਪ ਖਰੀਦ ਕਰਨ ਤੇ ਮੁਬਲਿਗ 9.60 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮੀਟਿੰਗ ਵਿੱਚ ਹਾਜ਼ਰ ਕਈ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਇਹ ਲੈਪਟਾਪ ਕਿਸੇ ਅਧਿਕਾਰੀ/ਕਰਮਚਾਰੀ ਨੂੰ ਨਾ ਦੇ ਕੇ ਸ਼ਾਖਾ ਦੇ ਨਾਮ ਤੇ ਜਾਰੀ ਕੀਤੇ ਜਾਣ, ਤਾਂ ਜੋ ਉਸ ਸੀਟ ਤੇ ਬਦਲ ਕੇ ਜਾਂ ਨਵੇਂ ਆਉਣ ਵਾਲੇ ਅਧਿਕਾਰੀ/ਕਰਮਚਾਰੀ ਇੰਨ੍ਹਾਂ ਲੈਪਟਾਪ ਦਾ ਇਸਤੇਮਾਲ ਕਰ ਸਕਣ।**

**ਮਤਾ ਨੰਬਰ 86:** **ਪ੍ਰਵਾਨ ਹੈ।**

**ਏਜੰਡਾ ਨੰਬਰ 19 :**

ਰਿਪੋਰਟ ਸਟੋਰਕੀਪਰ ਕਿ ਬਿਲਡਿੰਗ ਸ਼ਾਖਾ ਵਿਖੇ ਆਨ-ਲਾਇਨ ਨਕਸ਼ਿਆਂ ਦਾ ਕੰਮ ਸ਼ੁਰੂ ਹੋ ਰਿਹਾ ਹੈ। ਆਨ-ਲਾਇਨ ਜਮਾਂ ਹੋਈਆਂ ਨਕਸ਼ੇ ਦੀਆਂ ਫਾਈਲਾਂ ਲਈ ਇੱਕ Plotter (ਵੱਡਾ ਰੰਗੀਨ ਪ੍ਰਿੰਟਰ) ਦੀ ਜਰੂਰਤ ਹੈ। ਇਸ ਪਲੋਟਰ ਦੀ ਜੈਮ ਪੋਰਟਲ ਤੋਂ ਖਰੀਦ ਕੀਤੀ ਜਾਣੀ ਹੈ। ਇਸ ਪਲੋਟਰ ਦੀ ਕੀਮਤ ਲਗਭਗ 2,50,000/- ਰੁਪਏ ਹੈ। ਪਲੋਟਰ ਖਰੀਦ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 87:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਪਲੋਟਰ ਦੀ ਖਰੀਦ ਕਰਨ ਦੇ ਨਾਲ-ਨਾਲ ਪ੍ਰੋਜੈਕਟਰ ਦੀ ਵੀ ਖਰੀਦ ਕਰ ਲਈ ਜਾਵੇ। ਪ੍ਰੋਜੈਕਟਰ ਦੀ ਖਰੀਦ ਤੇ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰਬਰ 20 :**

ਦਫਤਰੀ ਰਿਪੋਰਟ ਕਿ ਰਾਤ ਸਮੇਂ ਦਫਤਰ ਦੀ ਨਿਗਰਾਨੀ ਲਈ ਚੌਕੀਦਾਰ ਸ਼੍ਰੀ ਜਗਸੀਰ ਸਿੰਘ ਦੀ ਮੌਤ ਹੋਣ ਕਾਰਨ ਆਸਾਮੀ ਖਾਲੀ ਹੋ ਗਈ ਹੈ। ਦਫਤਰ ਦੀ ਨਿਗਰਾਨੀ ਲਈ ਇੱਕ ਚੌਕੀਦਾਰ ਦੀਆਂ ਸੇਵਾਵਾਂ ਦੀ ਤੁਰੰਤ ਜਰੂਰਤ ਹੈ। ਇਸ ਲਈ ਜਦੋਂ ਤੱਕ ਇਸ ਖਾਲੀ ਆਸਾਮੀ ਵਿਰੁੱਧ ਭਰਤੀ ਨਹੀਂ ਹੋ ਜਾਂਦੀ, ਉਦੋਂ ਤੱਕ ਜਾਂ ਇਕ ਸਾਲ ਲਈ ਜੋ ਵੀ ਸਮਾਂ ਘੱਟ ਹੋਵੇ, ਇਸ ਆਸਾਮੀ ਵਿਰੁੱਧ ਆਊਟ ਸੋਰਸ ਏਜੰਸੀ ਪਾਸੋਂ ਉਕਤ ਅਨੁਸਾਰ ਇੱਕ ਚੌਕੀਦਾਰ

ਡੀ.ਸੀ. ਰੇਟਾਂ ਅਨੁਸਾਰ ਲੈਣ ਲਈ ਤਕਨੀਕੀ ਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਨਿਗਮ ਹਾਊਸ ਵਿੱਚ ਭੇਜਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਤਨਖਾਹ ਦੇਣ ਲਈ ਨਵਾਂ ਐਸਟੀਮੇਟ ਹੇਠ ਲਿਖੇ ਅਨਸਾਰ ਹੋਵੇਗਾ :-

| | |
|---|---|
| ਕਿਰਤ ਕਮਿਸ਼ਨਰ ਜੀ ਦੇ ਮਿਤੀ 01.09.2018 ਅਨੁਸਾਰ ਡੀ.ਸੀ. ਰੇਟ | 8078.00 |
| ਏਜੰਸੀ ਠੇਕੇਦਾਰ ਦਾ ਸਰਵਿਸ ਚਾਰਜ਼ਿਜ਼ | 808.00 |
| 8078 ਈ.ਪੀ. ਐਫ. 13.15% | 1062.00 |
| 8078 ਈ.ਐਸ.ਆਈ.ਸੀ. ਇੰਪਲਾਇਰ ਸ਼ੇਅਰ 4.75% | 384.00 |
| ਕੁੱਲ | 10332.00 |
| ਮਹੀਨੇ | 12 |
| ਤਖਮੀਨੇ ਦੀ ਕੁੱਲ ਰਕਮ | **123984.00** |

**ਮਤਾ ਨੰਬਰ 88: ਪ੍ਰਵਾਨ ਹੈ।**

**ਏਜੰਡਾ ਨੰਬਰ 21 :**

ਦਫਤਰੀ ਰਿਪੋਰਟ ਕਿ ਦਫਤਰੀ ਵਹੀਕਲਜ਼ ਦੀ ਵਰਤੋਂ ਨਿਗਮ ਦੀਆਂ ਵੱਖ-ਵੱਖ ਬਰਾਂਚਾਂ ਜਿਵੇਂ ਕਿ ਬਿਲਡਿੰਗ ਸ਼ਾਖਾ, ਵਾਟਰ ਸਪਲਾਈ ਸ਼ਾਖਾ, ਪ੍ਰਾਪਰਟੀ ਟੈਕਸ ਸ਼ਾਖਾ ਅਤੇ ਸੈਨੀਟੇਸ਼ਨ ਸ਼ਾਖਾ ਦੀਆਂ ਸੰਯੁਕਤ ਰੂਪ ਵਿੱਚ ਬਣੀਆਂ ਟੀਮਾਂ ਦੁਆਰਾ ਬਕਾਇਆਜਾਤ ਦੀ ਰਿਕਵਰੀ ਅਤੇ ਹੋਰ ਦਫਤਰੀ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਨਿਗਮ ਦੇ ਆਮਦਨ ਸੋਰਸਾਂ ਵਿੱਚ ਵਾਧਾ ਹੋਵੇਗਾ। ਮਹੀਨਾ 04.2017 ਵਿੱਚ ਇਕ ਡਰਾਈਵਰ ਮਾਨ ਸਿੰਘ ਦੀ ਰਿਟਾਇਰਮੈਂਟ ਹੋਣ ਕਾਰਨ ਡਰਾਈਵਰ ਦੀ ਆਸਾਮੀ ਖਾਲੀ ਹੋ ਗਈ ਹੈ। ਨਿਗਮ ਦੇ ਕੰਮਕਾਰ ਨੂੰ ਸੁੱਚਜੇ ਢੰਗ ਨਾਲ ਨਿਪਟਾਉਣ ਲਈ (One Driver Light Duty) ਦੀਆਂ ਸੇਵਾਵਾਂ ਦੀ ਤੁਰੰਤ ਜਰੂਰਤ ਹੈ। ਇਸ ਲਈ ਜਦੋਂ ਤੱਕ ਇਸ ਖਾਲੀ ਆਸਾਮੀ ਵਿਰੁੱਧ ਭਰਤੀ ਨਹੀਂ ਹੋ ਜਾਂਦੀ, ਉੱਦੋਂ ਤੱਕ ਜਾਂ ਇਕ ਸਾਲ ਦਾ ਸਮਾਂ ਜੋ ਵੀ ਘੱਟ ਹੋਵੇ, ਇਸ ਆਸਾਮੀ ਵਿਰੁੱਧ ਆਊਟ ਸੋਰਸ ਏਜੰਸੀ ਪਾਸੋਂ ਉਕਤ ਅਨੁਸਾਰ ਡਰਾਈਵਰ ਡੀ.ਸੀ. ਰੇਟਾਂ ਅਨੁਸਾਰ ਲੈਣ ਲਈ ਤਕਨੀਕੀ ਤੇ ਪ੍ਰਸ਼ਾਸਕੀ ਪ੍ਰਵਾਨਗੀ ਲਈ ਨਿਗਮ ਹਾਊਸ ਵਿੱਚ ਭੇਜਣ ਲਈ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਤਨਖਾਹ ਦੇਣ ਲਈ ਨਵਾਂ ਐਸਟੀਮੇਟ ਹੇਠ ਲਿਖੇ ਅਨਸਾਰ ਹੋਵੇਗਾ :-

| | |
|---|---|
| ਕਿਰਤ ਕਮਿਸ਼ਨਰ ਜੀ ਦੇ ਮਿਤੀ 01.09.2018 ਅਨੁਸਾਰ ਡੀ.ਸੀ. ਰੇਟ | 8858.00 |
| ਏਜੰਸੀ ਠੇਕੇਦਾਰ ਦਾ ਸਰਵਿਸ ਚਾਰਜ਼ਿਜ਼ | 886.00 |
| 8078 ਈ.ਪੀ. ਐਫ. 13.15% | 1165.00 |
| 8078 ਈ.ਐਸ.ਆਈ.ਸੀ. ਇੰਪਲਾਇਰ ਸ਼ੇਅਰ 4.75% | 421.00 |
| ਕੁੱਲ | 11330.00 |
| ਮਹੀਨੇ | 12 |
| ਤਖਮੀਨੇ ਦੀ ਕੁੱਲ ਰਕਮ | **135960.00** |

**ਮਤਾ ਨੰਬਰ 89: ਪ੍ਰਵਾਨ ਹੈ।**

**ਏਜੰਡਾ ਨੰਬਰ 22 :**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੀ ਪਾਣੀ ਅਤੇ ਸੀਵਰੇਜ਼ ਸ਼ਾਖਾ ਦਾ ਮਿਤੀ 31.03.2018 ਤੱਕ ਲਗਭਗ 1350.00 ਲੱਖ ਰੁਪਏ ਬਕਾਇਆਜਾਤ ਬਾਕੀ ਹਨ, ਜਿਸਦੀ ਰਿਕਵਰੀ ਕਰਨ ਲਈ ਵੱਧ ਤੋਂ ਵੱਧ ਯਤਨ ਕੀਤੇ ਜਾ ਰਹੇ ਹਨ। ਪਰੰਤੂ ਆਮ ਪਬਲਿਕ ਵੱਲੋਂ ਪਾਣੀ ਅਤੇ ਸੀਵਰੇਜ਼ ਦੇ ਬਿਲਾਂ ਤੇ ਲੱਗੇ ਸਰਚਾਰਜ਼ ਦੀ ਅਦਾਇਗੀ ਅਦਾ ਕਰਨ ਸਮੇਂ ਆਪਣੀ ਵਿਰੋਧਤਾ ਜਤਾਈ ਜਾਂਦੀ ਹੈ। ਇਸ ਲਈ ਖਪਤਕਾਰਾਂ ਤੋਂ ਵੱਧ ਤੋਂ ਵੱਧ ਵਸੂਲੀ ਕਰਨ ਅਤੇ ਉਨ੍ਹਾਂ ਵੱਲੋਂ ਬਕਾਇਆਜਾਤ ਜਮਾਂ ਕਰਵਾਉਣ ਲਈ ਇੰਨ੍ਹਾਂ ਬਿਲਾਂ ਤੇ ਲੱਗੇ ਸਰਚਾਰਜ਼ ਤੋਂ ਜੇਕਰ ਛੋਟ ਦਿੱਤੀ ਜਾਵੇ ਤਾਂ ਬਕਾਇਆਜਾਤ ਦੀ ਵਸੂਲੀ ਵਿੱਚ ਜਿਆਦਾ ਵਾਧਾ ਹੋ ਸਕਦਾ ਹੈ। ਇੱਥੇ ਦਸਣਯੋਗ ਹੋਵੇਗਾ ਕਿ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 06.12.2018 ਨੂੰ ਪਾਣੀ ਅਤੇ ਸੀਵਰੇਜ਼ ਦੇ ਬਕਾਇਆਜਾਤ ਸਬੰਧੀ ਹੋਈ ਰਿਵਿਊ ਮੀਟਿੰਗ ਵਿੱਚ ਪਾਣੀ ਅਤੇ ਸੀਵਰੇਜ਼ ਦੀ ਵੱਧ ਤੋਂ ਵੱਧ ਵਸੂਲੀ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਜੀ ਵੱਲੋਂ ਸੁਝਾਅ ਦਿੱਤਾ ਗਿਆ ਕਿ ਪਾਣੀ ਸੀਵਰੇਜ਼ ਦੀ ਵੱਧ ਤੋਂ ਵੱਧ ਵਸੂਲੀ ਕਰਨ ਲਈ ਸ਼ਹਿਰ ਨਿਵਾਸੀਆਂ ਨੂੰ ਇੰਨ੍ਹਾਂ ਬਿਲਾਂ ਤੇ ਲੱਗੇ ਸਰਚਾਰਜ਼ ਤੋਂ ਛੋਟ ਦੇਣ ਸਬੰਧੀ ਮਤਾ ਹਾਊਸ ਵਿੱਚੋਂ ਪਾਸ ਕਰਵਾਇਆ ਜਾਵੇ ਤਾਂ ਜੋ ਸ਼ਹਿਰ ਨਿਵਾਸੀ ਇਸ ਛੋਟ ਦਾ ਫਾਇਦਾ ਉਠਾਉਂਦੇ ਹੋਏ ਵੱਧ ਤੋਂ ਵੱਧ ਬਿਲਾਂ ਦੇ ਬਕਾਇਆਜਾਤ ਦਾ ਭੁਗਤਾਨ ਕਰ ਸਕਣ। ਸੋ, ਇੰਨ੍ਹਾਂ ਬਿਲਾਂ ਤੇ ਲੱਗੇ ਸਰਚਾਰਚ ਤੋਂ ਛੋਟ ਮਿਤੀ 30.06.2019 ਤੱਕ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਹਰਮਿੰਦਰ ਸਿੰਘ, ਸ਼੍ਰੀ ਨਿਰਮਲ ਸਿੰਘ ਸੰਧੂ, ਸ਼੍ਰੀ ਪੰਕਜ ਅਰੋੜਾ ਅਤੇ ਕਈ ਹੋਰ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਦੇ ਜੋ ਅਣ-ਅਧਿਕਾਰਤ ਤੋਰ ਤੇ ਕੂਨੈਕਸ਼ਨ ਚੱਲ ਰਹੇ ਹਨ, ਉਨ੍ਹਾਂ ਦੇ ਚਾਰਜ਼ਿਜ਼ ਤੇ ਵਿਚਾਰ ਕਰਨਾ ਯੋਗ ਹੋਵੇਗਾ, ਤਾਂ ਜੋ ਸ਼ਹਿਰ ਵਿੱਚ ਅਣ-ਅਧਿਕਾਰਤ ਤੋਰ ਤੇ ਚੱਲ ਰਹੇ ਪਾਣੀ ਅਤੇ ਸੀਵਰੇਜ਼ ਦੇ ਕੂਨੈਕਸ਼ਨ ਜਲਦ ਤੋਂ ਜਲਦ ਰੈਗੂਲਰ ਕੀਤੇ ਜਾ ਸਕਣ।**

**<u>ਮਤਾ ਨੰਬਰ 90:</u>** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚ ਅਣ-ਅਧਿਕਾਰਤ ਤੋਰ ਤੇ ਚੱਲ ਰਹੇ ਪਾਣੀ ਅਤੇ ਸੀਵਰੇਜ਼ ਦੇ ਕੁਨੈਕਸ਼ਨ ਰੈਗੂਲਰ ਕਰਨ ਖਾਤਰ ਪਾਣੀ ਦੇ 500/- ਰੁਪਏ, ਸੀਵਰੇਜ਼ ਦੇ 1000/- ਰੁਪਏ ਤੋਂ ਇਲਾਵਾ ਸਕਿਉਰਟੀ ਦੀ ਰਕਮ ਅਤੇ ਇੱਕ ਸਾਲ ਦੇ ਬਿਲ ਦੇ ਪੈਸੇ ਲੈ ਕੇ ਕੁਨੈਕਸ਼ਨ ਰੈਗੂਲਰ ਕਰ ਦਿੱਤੇ ਜਾਣ।**

**<u>ਏਜੰਡਾ ਨੰਬਰ 23 :</u>**

ਰਿਪੋਰਟ ਵਰਕਸ ਸ਼ਾਖਾ ਕਿ ਮਾਲ ਰੋਡ ਤੇ ਸਥਿਤ ਫਾਇਰ ਬ੍ਰਿਗੇਡ ਤਕਰੀਬਨ 3200 ਵਰਗ ਗਜ਼ ਜਗ੍ਹਾ ਤੇ ਬਣਿਆ ਹੋਇਆ ਹੈ। ਇਹ ਜਗ੍ਹਾ ਸ਼ਹਿਰ ਦੇ ਅੰਦਰੂਨੀ ਹਿੱਸੇ ਵਿੱਚ ਆ ਗਈ ਹੈ। ਜਿਸ ਦੇ ਚਾਰੇ ਪਾਸੇ ਕਮਰਸ਼ੀਅਲ ਮਾਰਕੀਟਾਂ ਡਿਵੈਲਪ ਹੋ ਚੁੱਕੀਆਂ ਹਨ। ਇਸ ਜਗ੍ਹਾ ਦੀ ਮਾਰਕੀਟ ਕੀਮਤ ਬਹੁਤ ਜਿਆਦਾ ਵੱਧ ਚੁੱਕੀ ਹੈ। ਇਸਨੂੰ ਮੁੱਖ ਰਖਦੇ ਹੋਏ ਨਗਰ ਨਿਗਮ ਵੱਲੋਂ ਇਸ ਜਗ੍ਹਾ ਤੇ ਪਾਰਕਿੰਗ ਕਮ ਸ਼ਾਪਿੰਗ ਪਲਾਜ਼ਾ ਬਨਾਉਣ ਦੀ ਤਜਵੀਜ ਕੀਤੀ ਗਈ ਸੀ, ਜੋ ਕਿ ਕੁੱਝ ਪ੍ਰਸ਼ਾਸਕੀ ਕਾਰਨਾਂ ਕਰਕੇ ਨੇਪਰੇ ਨਹੀਂ ਚੜ੍ਹ ਸਕੀ।

ਹੁਣ ਇਸ ਸਬੰਧੀ ਫਿਰ ਤੋਂ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਸ਼ਹਿਰ ਵਿੱਚ ਬਹੁਤ ਵੱਡੇ-ਵੱਡੇ ਪ੍ਰੋਜੈਕਟ ਲੱਗ ਰਹੇ ਹਨ, ਜਿਸ ਵਿੱਚ ਸੈਂਟਰਲ ਯੂਨੀਵਰਸਿਟੀ, ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਸ਼ਾਮਲ ਹਨ। ਉਪਰੋਕਤ ਤੋਂ ਇਲਾਵਾ ਸ਼ਹਿਰ ਤੋਂ ਸਿਰਫ 35-40 ਕਿਲੋਮੀਟਰ ਦੀ ਦੂਰੀ ਤੇ ਰਿਫਾਇਨਰੀ ਲੱਗ ਚੁੱਕੀ ਹੈ। ਸ਼ਹਿਰ ਵਿੱਚ ਏਸ਼ੀਆ ਦੀ ਸੱਭ ਤੋਂ ਵੱਡੀ ਕੈਂਟੋਨਮੈਂਟ ਸਥਿਤ ਹੈ। ਉਕਤ ਨੂੰ ਮੁੱਖ ਰਖਦਿਆਂ ਸ਼ਹਿਰ ਵਿੱਚ ਹੋਰ ਇੰਨਫਰਾਸਟਰੱਕਚਰ, ਸ਼ਾਪਿੰਗ, ਪਾਰਕਿੰਗ, ਰੀ-ਕਰੀਏਸ਼ਨਲ ਸੁਵਿਧਾਵਾਂ ਵਿਕਸਿਤ ਕਰਨ ਦੀ ਜਰੂਰਤ ਹੈ। ਕਿਉਂਕਿ ਅਜਿਹਾ ਕਰਨ ਨਾਲ ਹੀ ਦੇਸ਼ ਵਿਦੇਸ਼ ਤੋਂ ਨਿਵੇਸ਼ਕਰਤਾ ਬਠਿੰਡਾ ਸ਼ਹਿਰ ਵੱਲ ਆਕਰਸ਼ਿਤ ਹੋ ਸਕਣਗੇ। ਇਸ ਜਗ੍ਹਾ ਨੂੰ ਵਿਕਸਿਤ ਕਰਨ ਲਈ ਹੇਠ ਲਿਖੇ ਅਨੁਸਾਰ ਤਜਵੀਜ ਕੀਤੀ ਜਾਂਦੀ ਹੈ:-

1. ਇਸ ਜਗ੍ਹਾ ਦੇ ਨਾਲ ਹੀ ਬਣੇ ਓਵਰ ਹੈਡ ਸਰਵਿਸ ਰਿਜ਼ਰਵਾਇਰ (ਓ.ਐਚ.ਐਸ.ਆਰ) ਨੂੰ ਕਿਸੇ ਹੋਰ ਢੁੱਕਵੀਂ ਜਗ੍ਹਾ ਜਿਵੇਂ ਕਿ ਹਾਜ਼ੀ ਰਤਨ ਗੇਟ ਵਾਲੀ ਵਣ ਵਿਭਾਗ ਦੀ ਜਗ੍ਹਾ ਜਾਂ ਦੇਸ ਰਾਜ ਸਕੂਲ ਦੇ ਨਾਲ ਲਗਦੀ ਨਗਰ ਨਿਗਮ ਦੀ ਜਗ੍ਹਾ ਆਦਿ ਤੇ ਸ਼ਿਫਟ ਕਰ ਦਿੱਤਾ ਜਾਵੇ ਅਤੇ ਇਹ ਜਗ੍ਹਾ ਵੀ ਇਸ ਪ੍ਰੋਜੈਕਟ ਵਿੱਚ ਲੈ ਲਈ ਜਾਵੇ ਤਾਂ ਕਿ ਇਸ ਪ੍ਰੋਜੈਕਟ ਦੀ ਦਿੱਖ ਚਾਰੇ ਪਾਸੇ ਤੋਂ ਹੋਰ ਵੀ ਸੁੰਦਰ ਹੋ ਸਕੇ ਅਤੇ ਪ੍ਰੋਜੈਕਟ ਅਧੀਨ ਜਗ੍ਹਾ ਵੀ ਵੱਧ ਸਕੇ।
2. ਇਸ ਜਗ੍ਹਾ ਤੇ ਮਲਟੀ ਸਟੋਰੀ ਪਾਰਕਿੰਗ ਕਮ ਸ਼ਾਪਿੰਗ ਕਮ ਰੀ-ਕਰੀਏਸ਼ਨਲ ਇਮਾਰਤ ਬਣਾ ਦਿੱਤੀ ਜਾਵੇ। **ਇੱਥੇ ਬਣਨ ਵਾਲੀ ਪਾਰਕਿੰਗ ਅਤੇ ਸ਼ਾਪਿੰਗ ਏਰੀਏ ਨੂੰ ਮਾਸਿਕ ਕਿਰਾਏ/ ਸਲਾਨਾ ਲੀਜ਼ ਤੇ ਦਿੱਤਾ ਜਾਵੇਗਾ, ਜਿਸਤੋਂ ਆਉਣ ਵਾਲੀ ਆਮਦਨ ਨਗਰ ਨਿਗਮ ਦੀ ਪੱਕੀ ਆਮਦਨ ਦਾ ਸਾਧਨ ਬਣ ਸਕੇਗੀ ਅਤੇ ਇਸ ਪ੍ਰੋਜੈਕਟ ਨੂੰ ਪੂਰਾ ਜਾਂ ਆਂਸ਼ਿਕ ਰੂਪ ਵਿੱਚ ਕਦੇ ਵੀ ਵੇਚਿਆ ਨਹੀਂ ਜਾਵੇਗਾ।**
3. ਇਸ ਪ੍ਰੋਜੈਕਟ ਦੀ ਅੰਤਿਮ ਤਜਵੀਜ ਸਬੰਧੀ ਫੈਸਲਾ ਲੈਣ ਲਈ ਬਹੁਤ ਹੀ ਅੱਛੀ ਐਕਸਪਰਟ ਕਮੇਟੀ, ਜੋ ਕਿ ਨਾਮੀ ਇੰਜੀਨੀਅਰਿੰਗ/ ਆਰਕੀਟੈਕਟ ਕਾਲਜ਼ਾ ਦੀ ਨਾਮੀ ਫੈਕੁਲਟੀ ਵਿੱਚੋਂ ਲਈ ਜਾਵੇਗੀ। ਇਸ ਕਮੇਟੀ ਨੂੰ ਬਤੋਰ ਸਰਵਿਸ ਮਾਨਭੇਟਾ ਦਿੱਤੀ ਜਾਵੇਗੀ ਅਤੇ ਇਹ ਕਮੇਟੀ ਇਸ ਪ੍ਰੋਜੈਕਟ ਨੂੰ ਸਿਰੇ ਚੜਾਉਣ ਸਬੰਧੀ ਨਗਰ ਨਿਗਮ ਨੂੰ ਸੱਭ ਤੋਂ ਵਧੀਆ ਤਜਵੀਜ ਛਾਂਟਣ ਲਈ ਸਲਾਹ ਦੇਵੇਗੀ।
4. ਇਸ ਪ੍ਰੋਜੈਕਟ ਦੀਆਂ ਮਾਡਲ ਤਜਵੀਜਾਂ ਤਿਆਰ ਕਰਾਉਣ ਲਈ ਦੇਸ਼ ਵਿਦੇਸ਼ ਤੋਂ ਆਰਕੀਟੇਕਟਸ ਤੋਂ ਤਜਵੀਜਾਂ ਮੰਗੀਆਂ ਜਾਣਗੀਆਂ ਅਤੇ ਪਹਿਲੀ ਅਤੇ ਦੂਜੀ ਸੱਭ ਤੋਂ ਵਧੀਆ ਤਜਵੀਜ ਨੂੰ ਉਚਿਤ ਇਨਾਮ ਦਿੱਤਾ ਜਾਵੇਗਾ ਅਤੇ ਇਹ ਤਜਵੀਜ ਲਾਗੂ ਕੀਤੀ ਜਾਵੇਗੀ।
5. ਇਸ ਉਪਰੰਤ ਇਸ ਪ੍ਰੋਜੈਕਟ ਦੀਆਂ ਡਿਟੇਲ ਤਿਆਰ ਕਰਵਾਈਆਂ ਜਾਣਗੀਆਂ ਤਾਂ ਕਿ ਪ੍ਰੋਜੈਕਟ ਦੀ ਫੰਡਿਗ ਸਬੰਧੀ ਤਜਵੀਜਾਂ ਤਿਆਰ ਕੀਤੀਆਂ ਜਾ ਸਕਣ।

ਰਿਪੋਰਟ ਨਗਰ ਨਿਗਮ ਦੇ ਜਨਰਲ ਹਾਊਸ ਤੋਂ ਮੁੱਢਲੀ ਪ੍ਰਸ਼ਾਸਕੀ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 91:</u>** **ਪ੍ਰਵਾਨ ਹੈ।**

**<u>ਏਜੰਡਾ ਨੰਬਰ 24 :</u>**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਹਿਰ ਬੰਦੀ ਹੋਣ ਕਾਰਨ ਬਠਿੰਡਾ ਸ਼ਹਿਰ ਵਿੱਚ ਪਾਣੀ ਦੀ ਕਾਫੀ ਦਿਕੱਤ ਹੋਈ ਹੈ ਜਿਸ ਕਰਕੇ ਆਮ ਪਬਲਿਕ ਨੂੰ 70 % ਘੱਟ ਪਾਣੀ ਦੀ ਸਪਲਾਈ ਦਿੱਤੀ ਗਈ ਸੀ, ਜਿਸਤੇ ਮੌਕੇ ਤੇ ਜਾਕੇ ਨਗਰ ਨਿਗਮ ਅਧਿਕਾਰੀਆਂ ਵੱਲੋਂ ਚੈਕ ਕੀਤਾ ਗਿਆ ਕਿ ਟੈਂਕਾਂ ਵਿੱਚ ਕਾਫੀ ਸਿਲਟ ਭਰ ਗਈ ਹੈ, ਜਿਸ ਕਰਕੇ ਪਾਣੀ ਦੀ ਭੰਡਾਰਣ ਸਮਰਥਾ ਘੱਟ ਗਈ ਹੈ।ਇਸ ਲਈ ਇਹ ਅਤਿ ਜਰੂਰੀ ਹੈ ਕਿ ਇਸਦੀ ਭੰਡਾਰਣ ਸਮਰਥਾ ਨੂੰ ਵਧਾਉਣ ਲਈ ਗਾਰ ਕੱਢਵਾਈ ਜਾਵੇ ਤਾਂ ਜੋ ਬੰਦੀ ਦੌਰਾਨ ਸ਼ਹਿਰ ਨੂੰ ਪੂਰਨ ਤੌਰ ਤੇ ਪਾਣੀ ਦੀ ਸਪਲਾਈ ਨਿਰਵਿਘਣ ਦਿੱਤੀ ਜਾ ਸਕੇ।ਜਿਸ ਲਈ ਇਕ ਤਖਮੀਨਾ ਤਿਆਰ ਕੀਤਾ ਗਿਆ ਹੈ ਜਿਸਤੇ ਅਨੁਮਾਨਤ ਲਾਗਤ ਮੁਬਲਿਗ 160.23 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।ਇਹ ਤਖਮੀਨਾ

ਹਾਊਸ ਵੱਲੋਂ ਪ੍ਰਵਾਨ ਕਰਨ ਉਪਰੰਤ ਟੈਂਡਰ ਲਗਾਕੇ ਘੱਟੋ-ਘੱਟ ਰੇਟਾ ਵਾਲੀ ਫਰਮ ਤੋਂ ਕਰਵਾਇਆ ਜਾਵੇਗਾ। ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 92:** **ਪਾਸ ਕੀਤਾ ਗਿਆ ਕਿ ਇਹ ਤਜਵੀਜ਼ ਪਹਿਲਾਂ ਵਿਸਥਾਰ ਵਿੱਚ ਵਿਚਾਰਨ ਖਾਤਰ ਹਾਊਸ ਵਿੱਚ ਭੇਜੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ 25 :**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਹਿਰ ਬੰਦੀ ਹੋਣ ਕਾਰਨ ਬਠਿੰਡਾ ਸ਼ਹਿਰ ਵਿੱਚ ਪਾਣੀ ਦੀ ਕਾਫੀ ਦਿਕੱਤ ਹੋਈ ਹੈ ਜਿਸ ਕਰਕੇ ਆਮ ਪਬਲਿਕ ਨੂੰ 70 % ਘੱਟ ਪਾਣੀ ਦੀ ਸਪਲਾਈ ਦਿੱਤੀ ਗਈ ਸੀ, ਜਿਸਤੇ ਮੌਕੇ ਤੇ ਜਾਕੇ ਨਗਰ ਨਿਗਮ ਅਧਿਕਾਰੀਆਂ ਵੱਲੋਂ ਚੈਕ ਕੀਤਾ ਗਿਆ ਕਿ ਟੈਂਕਾਂ ਵਿੱਚ ਕਾਫੀ ਸਿਲਟ ਭਰ ਗਈ ਹੈ, ਜਿਸ ਕਰਕੇ ਪਾਣੀ ਦੀ ਭੰਡਾਰਣ ਸਮਰਥਾ ਘੱਟ ਗਈ ਹੈ।ਇਸ ਲਈ ਇਹ ਅਤਿ ਜਰੂਰੀ ਹੈ ਕਿ ਇਸਦੀ ਭੰਡਾਰਣ ਸਮਰਥਾ ਨੂੰ ਵਧਾਉਣ ਲਈ ਗਾਰ ਕੱਢਵਾਈ ਜਾਵੇ ਤਾਂ ਜੋ ਬੰਦੀ ਦੌਰਾਨ ਸ਼ਹਿਰ ਨੂੰ ਪੂਰਨ ਤੌਰ ਤੇ ਪਾਣੀ ਦੀ ਸਪਲਾਈ ਨਿਰਵਿਘਣ ਦਿੱਤੀ ਜਾ ਸਕੇ।ਜਿਸ ਲਈ ਇਕ ਤਖਮੀਨਾ ਤਿਆਰ ਕੀਤਾ ਗਿਆ ਹੈ ਜਿਸਤੇ ਅਨੁਮਾਨਤ ਲਾਗਤ ਮੁਬਲਿਗ 275.24 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।ਇਹ ਤਖਮੀਨਾ ਹਾਊਸ ਵੱਲੋਂ ਪ੍ਰਵਾਨ ਕਰਨ ਉਪਰੰਤ ਟੈਂਡਰ ਲਗਾਕੇ ਘੱਟੋ-ਘੱਟ ਰੇਟਾ ਵਾਲੀ ਫਰਮ ਤੋਂ ਕਰਵਾਇਆ ਜਾਵੇਗਾ। ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 93:** **ਪਾਸ ਕੀਤਾ ਗਿਆ ਕਿ ਇਹ ਤਜਵੀਜ਼ ਪਹਿਲਾਂ ਵਿਸਥਾਰ ਵਿੱਚ ਵਿਚਾਰਨ ਖਾਤਰ ਹਾਊਸ ਵਿੱਚ ਭੇਜੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ: 26**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਨੂੰ ਦੁਪਹਿਰ 12.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਨ ਉਪਰੰਤ ਉਹਨਾਂ ਨੂੰ ਪਾਸ ਕਰਨ ਦੀ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ:-

1.

ਦਫਤਰੀ ਰਿਪੋਰਟ ਕਿ ਸ਼੍ਰੀ ਜਗਸੀਰ ਸਿੰਘ ਪੁੱਤਰ ਸ਼੍ਰੀ ਉਮ ਪ੍ਰਕਾਸ਼, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਬੇਲਦਾਰ ਕੰਮ ਕਰਦਾ ਸੀ। ਇਸ ਦੀ ਮਿਤੀ 05.05.2018 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਰਾਜਦੀਪ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਨੌਕਰੀ ਦਿੱਤੀ ਜਾਵੇ ਜੀ। ਸ਼੍ਰੀ ਰਾਜਦੀਪ ਸਿੰਘ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ ਅਤੇ ਤਿੰਨ ਭੈਣਾਂ ਹਨ, ਜਿੰਨ੍ਹਾਂ ਨੇ ਸ਼੍ਰੀ ਰਾਜਦੀਪ ਸਿੰਘ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਨੌਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਰਾਜਦੀਪ ਸਿੰਘ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਕੋਲ ਇੱਕ 133 ਮੁਰਬਾ ਗੱਜ਼ ਦਾ ਮਕਾਨ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅੱਚਲ ਸੰਪਤੀ ਨਹੀਂ ਹੈ ਅਤੇ ਇਹਨਾਂ ਦੇ ਘਰ ਵਿੱਚ ਕੋਈ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ ਅਤੇ ਇਹ ਦਸਵੀਂ ਜਮਾਤ ਪਾਸ ਹੈ। ਜਨਮ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 03.01.1989 ਹੈ।

ਪੰਜਾਬ ਮਿਉਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸੇਵਾਦਾਰ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ 5 ਪਾਸ ਹੈ। ਪ੍ਰਾਰਥੀ ਵੱਲੋਂ ਪੇਸ਼ ਹਲਫੀਆ ਬਿਆਨ ਨਾਲ ਨੱਥੀ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/94/2002-4ਪੀਪੀ-11/8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਸੋ, ਸ਼੍ਰੀ ਰਾਜਦੀਪ ਸਿੰਘ ਨੂੰ ਉਸਦੇ ਪਿਤਾ ਸਵ: ਜਗਸੀਰ ਸਿੰਘ ਪੁੱਤਰ ਸ਼੍ਰੀ ਉਮ ਪ੍ਰਕਾਸ਼ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ। ਇਸ ਸਬੰਧੀ ਡਿਪਟੀ ਕੰਟਰੋਲਰ (ਲੋਕਲ ਆਡਿਟ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਮ੍ਰਿਤਕ ਜਗਸੀਰ ਸਿੰਘ ਬੇਲਦਾਰ ਦੀ ਆਸਾਮੀ ਤੇ ਤਾਇਨਾਤ ਸੀ। ਪਰੰਤੂ ਉਸਦੇ ਲੜਕੇ ਸ਼੍ਰੀ ਰਾਜਦੀਪ ਸਿੰਘ ਵੱਲੋਂ ਸੇਵਾਦਾਰ ਦੀ ਆਸਾਮੀ ਦੀ ਮੰਗ ਕੀਤੀ ਜਾ ਰਹੀ ਹੈ। ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

2.

ਦਫਤਰੀ ਰਿਪੋਰਟ ਕਿ ਸ਼੍ਰੀਮਤੀ ਮਾਇਆ ਪਤਨੀ ਸ਼੍ਰੀ ਮੱਖਣ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ। ਜਿਸਦੀ ਮਿਤੀ 26.02.2017 ਨੂੰ ਮੌਤ ਹੋ ਗਈ ਸੀ। ਮ੍ਰਿਤਕ ਕਰਮਚਾਰਨ ਦੇ ਪੁੱਤਰ ਸ਼੍ਰੀ ਹਰੀ ਦਿਆਲ ਪੁੱਤਰ ਸ਼੍ਰੀ ਮੱਖਣ ਲਾਲ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਹਰੀ ਦਿਆਲ ਪੁੱਤਰ ਸ਼੍ਰੀ ਮੱਖਣ ਲਾਲ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਅਤੇ ਮਾਨਯੋਗ ਤਹਿਸੀਲਦਾਰ, ਬਠਿੰਡਾ ਜੀ ਵੱਲੋਂ ਤਸਦੀਕ ਵਾਰਸ ਸਰਟੀਫਿਕੇਟ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸ ਦੀਆਂ ਚਾਰ ਭੈਣਾਂ ਉਮਾ ਰਾਣੀ, ਸੰਤੋਸ਼ ਦੇਵੀ, ਸੁਮਨ, ਸੁਨੀਤਾ ਅਤੇ ਇੱਕ ਭਰਾ ਵਿਜੈ ਕੁਮਾਰ ਹਨ, ਜਿੰਨ੍ਹਾਂ ਨੇ ਸ਼੍ਰੀ ਹਰੀ ਦਿਆਲ ਦੇ ਹੱਕ ਵਿੱਚ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੌਕਰੀ ਤੇ ਰੱਖਿਆ ਜਾਵੇ ਤਾਂ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਹਲਫੀਆ ਬਿਆਨ ਅਨੁਸਾਰ ਸ਼੍ਰੀ ਹਰੀ ਦਿਆਲ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ, ਉਹ ਦਸਵੀਂ ਜਮਾਤ ਪਾਸ ਹੈ ਅਤੇ ਪੜ੍ਹਾਈ ਦੇ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 10.08.1988 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਸ਼੍ਰੀ ਹਰੀ ਦਿਆਲ ਨੇ ਮੱਧ ਭਾਰਤ ਗਵਾਲੀਅਰ ਦਾ ਦਸਵੀਂ ਦਸ ਸਰਟੀਫਿਕੇਟ ਲਗਾ ਕੇ ਸੇਵਾਦਾਰ ਦੀ ਨੌਕਰੀ ਲਈ ਬੇਨਤੀ ਕੀਤੀ ਸੀ। ਸਬ-ਕਮੇਟੀ ਦੇ ਫੈਸਲੇ ਅਨੁਸਾਰ ਇਹ ਸਰਟੀਫਿਕੇਟ ਗਵਾਲੀਅਰ ਵੈਰੀਫਿਕੇਸ਼ਨ ਲਈ ਭੇਜਿਆ ਗਿਆ ਸੀ। ਪਰੰਤੂ ਅਜੇ ਤੱਕ ਕੋਈ ਜਵਾਬ ਨਾ ਆਉਣ ਦੀ ਸੂਰਤ ਵਿੱਚ ਸ਼੍ਰੀ ਹਰੀ ਦਿਆਲ ਵੱਲੋਂ ਦੁਬਾਰਾ ਪੰਜਵੀਂ ਦਾ ਸਰਟੀਫਿਕੇਟ ਲਗਾ ਕੇ ਦਰਖਾਸਤ ਦਿੱਤੀ ਗਈ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੌਕਰੀ ਤੇ ਰੱਖਿਆ ਜਾਵੇ। ਇਸ ਲਈ ਸ਼੍ਰੀ ਹਰੀ ਦਿਆਲ ਨੂੰ ਉਸਦੀ ਮਾਤਾ ਸਵ: ਮਾਇਆ ਪਤਨੀ ਸ਼੍ਰੀ ਮੱਖਣ ਲਾਲ, ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ। ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "The qualification for post of Safai Sewak is literate. Hene his case may be considered." ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਕੇਸਾਂ ਤੇ ਵਿਚਾਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 94: ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।**

ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਦਫਤਰ ਵਿੱਚ ਤੈਨਾਤ ਸ਼੍ਰੀ ਸੁਰੇਸ਼ ਕੁਮਾਰ ਸੇਤੀਆ ਵੱਲੋਂ ਸਾਲ 2008 ਤੋਂ ਸਾਲ 2013 ਤੱਕ ਅਤੇ ਫਿਰ ਸਾਲ 2015 ਤੋਂ ਹੁਣ ਤੱਕ ਮਾਨਯੋਗ ਮੇਅਰ ਸਾਹਿਬਾਨ ਪਾਸ ਬਤੌਰ ਪੀ.ਏ. ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ। ਇਸਤੋਂ ਇਲਾਵਾ ਇਸ ਕਰਮਚਾਰੀ ਨੇ ਨਗਰ ਨਿਗਮ ਵਿਖੇ ਤੈਨਾਤ ਕਈ ਕਮਿਸ਼ਨਰ ਸਾਹਿਬਾਨ ਨਾਲ ਵੀ ਬਤੌਰ ਪੀ.ਏ. ਕੰਮ ਕੀਤਾ ਹੈ। ਇਸਦੀ ਸਰਵਿਸ ਬੁੱਕ ਵਿੱਚ ਕਈ ਕਮਿਸ਼ਨਰ ਸਾਹਿਬਾਨ ਅਤੇ ਨਗਰ ਨਿਗਮ ਦੇ ਪਹਿਲੇ ਮੇਅਰ ਸਾਹਿਬ ਨੇ ਬਹੁਤ ਅੱਛਾ ਲਿਖਿਆ ਹੈ। ਇਸ ਕਰਮਚਾਰੀ ਦੇ ਕੰਮ ਨੂੰ ਮੁੱਖ ਰਖਦੇ ਹੋਏ ਇਸਨੂੰ ਬਠਿੰਡਾ ਵਿਖੇ ਆਜ਼ਾਦੀ ਦਿਵਸ ਅਤੇ ਗਣਤੰਤਰ ਦਿਵਸ ਤੇ ਵੀ ਸਨਮਾਨਿਆ ਗਿਆ ਹੈ। ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਸ਼੍ਰੀ ਸੁਰੇਸ਼ ਕੁਮਾਰ ਸੇਤੀਆ ਨੂੰ ਬਤੌਰ ਪੀ.ਏ ਪਦ-ਉਨੱਤ ਕਰਨ ਦੀ ਮੰਗ ਕੀਤੀ। ਇਸਦੀ ਸਮੁੱਚੇ ਹਾਊਸ ਵੱਲੋਂ ਤਾਇਦ ਕੀਤੀ ਗਈ ਅਤੇ ਹਾਊਸ ਵਿੱਚ ਮੌਜੂਦ ਸਮੂਹ ਮੈਂਬਰ ਸਾਹਿਬਾਨ ਨੇ ਇਸ ਕਰਮਚਾਰੀ ਦੇ ਕੰਮ ਦੀ ਸ਼ਲਾਘਾ ਕੀਤੀ ਤੇ ਇਸ ਕਰਮਚਾਰੀ ਨੂੰ ਬਤੌਰ ਪੀ.ਏ. ਪਦ-ਉਨੱਤ ਕਰਨ ਦੀ ਸਿਫਾਰਸ਼ ਕੀਤੀ।

**ਮਤਾ ਨੰਬਰ 95: ਪਾਸ ਕੀਤਾ ਗਿਆ ਕਿ ਸ਼੍ਰੀ ਸੁਰੇਸ਼ ਕੁਮਾਰ ਸੇਤੀਆ ਦੇ ਕੰਮਕਾਜ਼ ਨੂੰ ਦੇਖਦੇ ਹੋਏ ਇਸ ਕਰਮਚਾਰੀ ਨੂੰ ਬਤੌਰ ਪੀ.ਏ ਤਰੱਕੀ ਦੇਣਾ ਪ੍ਰਵਾਨ ਕੀਤਾ ਜਾਂਦਾ ਹੈ।**

ਹਾਊਸ ਵਿੱਚ ਮੌਜੂਦ ਕੁੱਝ ਕੌਂਸਲਰ ਸਾਹਿਬਾਨ ਨੇ ਲੁਧਿਆਣਾ ਨਗਰ ਨਿਗਮ ਤੋਂ ਬਦਲ ਕੇ ਆਏ ਸ਼੍ਰੀ ਕਮਲ ਰਾਮ, ਜੂਨੀਅਰ ਇੰਜੀਨੀਅਰ ਬਾਰੇ ਦਸਿਆ ਕਿ ਇਸ ਕਰਮਚਾਰੀ ਵੱਲੋਂ ਬਠਿੰਡਾ ਵਿਖੇ ਜੁਆਇਨਿੰਗ ਕਰਨ ਉਪਰੰਤ ਸ਼ਹਿਰ ਦੇ ਕੁੱਝ ਇਲਾਕਿਆਂ ਵਿੱਚ ਜੋ ਬਰਸਾਤਾਂ ਦੌਰਾਨ ਪਾਣੀ ਭਰਨ ਨਾਲ ਦਿੱਕਤ ਆਉਂਦੀ ਸੀ, ਉਸ ਸਮੱਸਿਆ ਦਾ ਪੁਰਜੋਰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਕਰਮਚਾਰੀ ਵੱਲੋਂ ਪੂਰੀ ਮਿਹਨਤ ਨਾਲ ਸ਼ਹਿਰ ਦਾ ਸੰਜੇ ਟੋਭਾ ਅਤੇ ਡੀ.ਏ.ਵੀ ਕਾਲਜ ਦੇ ਪਾਸ ਬਣੇ ਟੋਭੇ ਨੂੰ ਵੀ ਖਾਲੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸ਼ਹਿਰ ਨੂੰ ਬਰਸਾਤਾਂ ਦੌਰਾਨ ਕਾਫੀ ਰਾਹਤ ਮਿਲੇਗੀ ਅਤੇ ਨਗਰ ਨਿਗਮ ਦੀ ਪ੍ਰਾਪਰਟੀ ਨੂੰ ਵੀ ਨੁਕਸਾਨ ਨਹੀਂ ਹੋਵੇਗਾ। ਇਸਤੋਂ ਇਲਾਵਾ ਵਾਟਰ ਸਪਲਾਈ ਅਤੇ ਸੀਵਰੇਜ਼ ਮੈਨਟੀਨੈਂਸ ਨੂੰ ਵੀ ਬੜੀ ਬਾਖੂਬੀ ਨੇਪਰੇ ਚੜਾਇਆ ਜਾ ਰਿਹਾ ਹੈ। ਇਸ ਕਰਮਚਾਰੀ ਦੇ ਕੰਮਕਾਜ਼ ਨੂੰ ਦੇਖਦੇ ਹੋਏ ਇੰਨ੍ਹਾਂ ਕੌਂਸਲਰ ਸਾਹਿਬਾਨ ਵੱਲੋਂ ਇਸ ਕਰਮਚਾਰੀ ਨੂੰ ਬਤੌਰ ਐਸ.ਡੀ.ਓ. ਪਦ-ਉਨੱਤ ਕਰਨ ਦੀ ਮੰਗ ਕੀਤੀ।

ਮਤਾ ਨੰਬਰ 96: ਪਾਸ ਕੀਤਾ ਗਿਆ ਕਿ ਸ਼੍ਰੀ ਕਮਲ ਰਾਮ, ਜੂਨੀਅਰ ਇੰਜੀਨੀਅਰ ਨੂੰ ਬਤੋਰ ਐਸ.ਡੀ.ਓ. ਪਦ-ਉਨੱਤ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ।

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:-

ਏਜੰਡਾ ਨੰਬਰ: 1

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਪ/ਲੇਇੰਗ ਪੀ.ਸੀ. ਇਨ ਵੈਰੀਅਸ ਸਟਰੀਟਸ ਆਫ ਨਾਮਦੇਵ ਨਗਰ ਐਂਡ ਗਣੇਸ਼ ਨਗਰ | 6.92 |
| 2. | ਪ/ਫ ਆਫ ਪ੍ਰੀ-ਫੈਬਰੀਕੇਟਡ ਪਫ ਸ਼ੀਟ ਕੈਬਿਨ ਇਨ ਐਮ.ਸੀ. ਆਫਿਸ ਆਨ ਫਸਟ ਫਲੋਰ | 5.36 |
| 3. | ਕੰਸ: ਆਫ ਟਾਇਲਟ ਬਲਾਕ ਨੀਅਰ ਰਾਮ ਬਾਗ ਗੇਟ ਆਫ ਦਾਣਾ ਮੰਡੀ | 5.50 |
| 4. | ਪ/ਲ ਪੀ.ਸੀ. ਆਨ ਮੇਨ ਰੋਡ ਆਫ ਪੁਖਰਾਜ ਕਲੋਨੀ ਅਲਾਂਗ ਛਾਬੜਾ ਰਿਜ਼ੋਰਟ, ਜ਼ੋਨ-4 | 5.08 |
| 5. | ਰਿਪੇਅਰ ਐਂਡ ਰੈਨੋਵੇਸ਼ਨ ਵਰਕ ਆਫ ਭਾਗੂ ਰੋਡ ਪਾਰਕ ਐਂਡ ਸਿਵਲ ਲਾਈਨ ਪਾਰਕ | 3.95 |
| 6. | ਰੈਨੋਵੇਸ਼ਨ ਵਰਕ ਆਫ ਡਾ: ਬੀ.ਆਰ. ਅੰਬੇਦਕਰ ਪਾਰਕ ਨੀਅਰ ਡੀ.ਸੀ. ਆਫਿਸ ਬਠਿੰਡਾ | 1.22 |
| 7. | ਕੰਸ: ਆਫ ਕਲਵਰਟਸ ਇਨ ਖੇਤਾ ਸਿੰਘ ਬਸਤੀ, ਵਾਰਡ ਨੰਬਰ 50 | 1.80 |

ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 97: ਪ੍ਰਵਾਨ ਹੈ। ਮਜ਼ੀਦ ਹੇਠ ਲਿਖੇ ਅਨੁਸਾਰ ਵਿਕਾਸ ਦੇ ਕੰਮਾਂ ਦੇ ਤਖਮੀਨੇ ਬਨਾਉਣ ਉਪਰੰਤ ਕੰਮ ਕਰਵਾਉਣੇ ਪਾਸ ਕੀਤੇ ਜਾਂਦੇ ਹਨ:-

| Sr. No. | Name of Work |
|---|---|
| 1. | ਪ/ਫ ਓਪਨ ਏਅਰ ਜਿੰਮ ਇਨ ਮਾਡਲ ਟਾਊਨ, ਪਾਰਕ ਨੰ: 4 ਸਮੇਤ ਗਜ਼ੀਬੋ |
| 2. | ਪ/ਫ ਓਪਨ ਏਅਰ ਜਿੰਮ ਨੇੜੇ ਝੀਲ ਨੰਬਰ 4 ਸਮੇਤ ਗਜ਼ੀਬੋ |
| 3. | ਪ/ਫ ਓਪਨ ਏਅਰ ਜਿੰਮ ਇਨ ਪਾਰਕ ਆਫ ਵਾਰਡ ਨੰਬਰ 21 |
| 4. | ਪ/ਫ ਓਪਨ ਏਅਰ ਜਿੰਮ ਇਨ ਪਾਰਕ ਆਫ ਵਾਰਡ ਨੰ: 44 |
| 5. | ਪ/ਫ ਓਪਨ ਏਅਰ ਜਿੰਮ ਇਨ ਪਾਰਕ ਨੰਬਰ 84 |
| 6. | ਪ/ਫ ਓਪਨ ਏਅਰ ਜਿੰਮ ਇਨ ਪਾਰਕ ਨੰਬਰ 93, ਵਾਰਡ ਨੰ: 19 |
| 7. | ਦੀਪ ਨਗਰ, ਗਲੀ ਨੰ: 0 ਵਿੱਚ ਤਕਰੀਬਨ 200-250 ਫੁੱਟ ਵਿੱਚ ਪਾਣੀ ਅਤੇ ਸੀਵਰੇਜ਼ ਪਾਉਣ ਦਾ ਕੰਮ |
| 8. | Laying 60mm thick ISI Interlocking Tiles in Streets 21/3 & 21/4 of Partap Nagar W-42 |
| 9. | ਪਰਿੰਦਾ ਰੋਡ ਗਲੀ ਨੰਬਰ 32 ਵਿਖੇ ਤਕਰੀਬਨ 18 ਫੁੱਟ ਚੋੜੀ ਅਤੇ 150 ਫੁੱਟ ਲੰਬੀ ਗਲੀ ਵਿੱਚ ਪੀ.ਸੀ. ਪਾਉਣ ਤੇ ਆਉਣ ਵਾਲਾ ਖਰਚਾ |
| 10. | ਪ/ਫ ਓਪਨ ਏਅਰ ਜਿੰਮ ਸਮੇਤ ਗਜ਼ੀਬੋ ਇਨ ਪਾਰਕ ਨੰਬਰ 133, ਨੇੜੇ ਆਈ.ਟੀ.ਆਈ. ਇੰਡਸਟਰੀਅਲ ਏਰੀਆ |

| | |
|---|---|
| 11. | ਜ਼ੋਗਰ ਪਾਰਕ ਲਈ 20 ਸਾਈਕਲ ਖਰੀਦ ਕਰਨ ਤੇ ਆਉਣ ਵਾਲਾ ਖਰਚਾ |
| 12. | ਜ਼ੋਗਰ ਪਾਰਕ ਅਤੇ ਰੋਜ਼ ਗਾਰਡਨ ਵਿੱਚ ਭਾਰ ਤੋਲਣ ਵਾਲੀਆਂ ਮਸ਼ੀਨਾਂ ਤੇ ਆਉਣ ਵਾਲਾ ਖਰਚਾ |
| 13. | ਵਾਰਡ ਨੰਬਰ 36 ਦੀਆਂ ਦੋ ਗਲੀਆਂ ਵਿੱਚ ਰਹਿੰਦੇ ਵਿਕਾਸ ਦੇ ਕੰਮਾਂ ਤੇ ਆਉਣ ਵਾਲਾ ਖਰਚਾ |
| 14. | ਪ/ਲੇਇੰਗ ਬੀ.ਐਮ. ਪੀ.ਸੀ. 60 ਐਮ.ਐਮ. ਆਈ.ਐਸ.ਆਈ. ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰ: 2 ਅਤੇ 2-1/2 ਇਨ ਅਮਰਪੁਰਾ ਬਸਤੀ |
| 15. | ਫਾਇਰ ਬ੍ਰਿਗੇਡ ਲਈ ਨਵੀਂ ਗੱਡੀ ਦੀ ਖਰੀਦ ਕਰਨ ਤੇ ਆਉਣ ਵਾਲਾ ਖਰਚਾ |
| 16. | ਪ/ਫ ਓਪਨ ਏਅਰ ਜਿੰਮ ਇਨ ਚਿਲਡਰਨ ਪਾਰਕ ਸਿਵਲ ਲਾਈਨ |

ਏਜੰਡਾ ਨੰਬਰ: 2

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਅੰਦਰ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇੰਨ੍ਹਾਂ ਬੇਸਹਾਰਾ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਲਈ ਨਿਗਮ ਵੱਲੋਂ ਗਊਸ਼ਾਲਾ ਡੇਰਾ ਰੂੰਮੀ, ਭੁਚੋ ਕਲਾਂ ਨਾਲ MOU ਕਰਕੇ ਕੈਟਲ ਪਾਉਂਡ ਸਥਾਪਿਤ ਕੀਤਾ ਗਿਆ ਹੈ। ਇਸ ਕੈਟਲ ਪਾਉਂਡ ਵਿੱਚ ਸ਼ਹਿਰ ਵਿੱਚੋਂ 250 ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਛੱਡਿਆ ਗਿਆ ਹੈ। ਇੰਨ੍ਹਾ ਪਸ਼ੂਆਂ ਦੀ ਖੁਰਾਕ ਦੇ ਖਰਚੇ ਵੱਜੋਂ 18/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਡਾਇਟ ਮਨੀ ਦਿੱਤੀ ਜਾ ਰਹੀ ਹੈ। ਇਸ ਡਾਈਟ ਮਨੀ ਵਿੱਚ ਹਰ ਦੋ ਸਾਲ ਬਾਅਦ 1/- ਰੁਪਏ ਦਾ ਵਾਧਾ ਕੀਤਾ ਜਾਂਦਾ ਹੈ।

ਗਊਸ਼ਾਲਾ ਡੇਰਾ ਰੂੰਮੀ ਭੁਚੋ ਕਲਾਂ ਵੱਲੋਂ ਦਰਖਾਸਤ ਮਿਤੀ 20.12.2018 ਰਾਹੀਂ ਲਿਖਤੀ ਸਹਿਮਤੀ ਦਿੱਤੀ ਗਈ ਹੈ ਕਿ ਉਹ ਗਊਸ਼ਾਲਾ ਵਿਖੇ ਹੋਰ 500 ਬੇਸਹਾਰਾ ਪਸ਼ੂਧਨ ਨੂੰ ਸੰਭਾਲ ਸਕਦੇ ਹਨ। ਇਸ ਸਬੰਧੀ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਸ਼੍ਰੀ ਰੂੰਮੀ ਸਾਹਿਬ ਗਊਸ਼ਾਲਾ, ਨਥਾਣਾ ਰੋਡ, ਭੁੱਚੋ ਕਲਾਂ, (ਬਠਿੰਡਾ) ਦੇ ਪੱਤਰ ਮਿਤੀ 20.12.2018 ਦੇ ਸਬੰਧ ਵਿੱਚ ਇਸ ਗਊਸ਼ਾਲਾ ਵਿੱਚ 500 ਪਸ਼ੂਧਨ ਛੱਡਣੇ ਪ੍ਰਵਾਨ ਕੀਤੇ ਜਾਂਦੇ ਹਨ। ਇੰਨ੍ਹਾਂ 500 ਪਸ਼ੂਆਂ ਲਈ 20/- ਰੁਪਏ ਪ੍ਰਤੀ ਪਸ਼ੂ ਖੁਰਾਕ ਦੇਣਾ ਪਾਸ ਕੀਤਾ ਜਾਂਦਾ ਹੈ। ਇਸਤੋਂ ਇਲਾਵਾ ਹਰ ਦੋ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਵਾਰ ਪਸ਼ੂਆਂ ਦੀ ਗਿਣਤੀ ਅਤੇ ਪਹਿਚਾਣ ਯਕੀਨੀ ਬਨਾਉਣ ਲਈ ਚੀਫ ਸੈਨਟਰੀ ਇੰਸਪੈਕਟਰ ਵੱਲੋਂ ਸੈਨਟਰੀ ਇੰਸਪੈਕਟਰਾਂ/ ਸੁਪਰਵਾਇਜ਼ਰਾਂ ਦੀ ਡਿਊਟੀ ਲਗਾਉਣ ਦੀ ਹਦਾਇਤ ਕੀਤੀ ਜਾਂਦੀ ਹੈ। ਇੰਨ੍ਹਾਂ ਸੈਨਟਰੀ ਇੰਸਪੈਕਟਰਾਂ/ ਸੈਨਟਰੀ ਸੁਪਰਵਾਇਜ਼ਰਾਂ ਦੇ ਤਸਦੀਕ ਕਰਨ ਉਪਰੰਤ ਹੀ ਸਬੰਧਤ ਗਊਸ਼ਾਲਾ ਨੂੰ ਬਣਦੀ ਅਦਾਇਗੀ ਕਰਨ ਸਬੰਧੀ ਫੈਸਲਾ ਲਿਆ ਜਾਂਦਾ ਹੈ।

ਦਸਣਯੋਗ ਹੈ ਕਿ ਉਕਤ ਅਨੁਸਾਰ ਪ੍ਰਵਾਨ ਕੀਤੇ 500 ਪਸ਼ੂਧਨ ਵਿੱਚੋਂ 372 ਪਸ਼ੂਧਨ ਪਹਿਲਾਂ ਹੀ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਗਊਸ਼ਾਲਾ ਵਿਖੇ ਪਹੁੰਚਾ ਦਿੱਤੇ ਗਏ ਹਨ। ਐਫ.ਐਂਡ ਸੀ.ਸੀ. ਦੇ ਫੈਸਲੇ ਅਨੁਸਾਰ ਬਾਕੀ ਰਹਿੰਦੇ ਪਸ਼ੂਧਨ ਨੂੰ ਗਊਸ਼ਾਲਾ ਵਿੱਚ ਛੱਡਣ ਅਤੇ 20/- ਰੁਪਏ ਪ੍ਰਤੀ ਪਸ਼ੂ ਖੁਰਾਕ ਦੇਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 98: **ਪ੍ਰਵਾਨ ਹੈ।**

ਏਜੰਡਾ ਨੰਬਰ: 3

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿੱਚ ਪਾਣੀ ਦੀਆਂ ਸਬਮਰਸੀਬਲ ਮੋਟਰਾਂ ਰਾਹੀਂ ਜੋ ਪਾਣੀ ਕੱਢਿਆ ਜਾਂਦਾ ਹੈ, ਉਹ ਪਾਣੀ ਸੀਵਰੇਜ਼ ਵਿੱਚ ਪਾਇਆ ਜਾਂਦਾ ਹੈ। ਇਸ ਲਈ ਡਿਸਪੋਜ਼ਲ ਚਾਰਜ਼ਿਜ਼ ਲਗਾਏ ਗਏ ਹਨ। ਇਹ ਚਾਰਜ਼ਿਜ਼ ਨਗਰ ਨਿਗਮ ਅੰਮ੍ਰਿਤਸਰ ਅਤੇ ਨਗਰ ਨਿਗਮ ਲੁਧਿਆਣਾ ਵੱਲੋਂ ਵੀ ਵਸੂਲ ਕੀਤੇ ਜਾ ਰਹੇ ਹਨ। ਨਗਰ ਨਿਗਮ ਬਠਿੰਡਾ ਵਿਖੇ ਇੰਨ੍ਹਾਂ ਚਾਰਜ਼ਿਜ਼ ਨੂੰ ਨਗਰ ਨਿਗਮ ਅੰਮ੍ਰਿਤਸਰ ਦੀ ਤਰਜ਼ ਤੇ ਲਾਗੂ ਕੀਤਾ ਜਾਣਾ ਹੈ। ਇਸ ਤਰ੍ਹਾਂ ਨਗਰ ਨਿਗਮ ਦੀ ਆਮਦਨ ਵਿੱਚ ਕਾਫੀ ਇਜ਼ਾਫਾ ਹੋਵੇਗਾ। ਇਸ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡਿਸਪੋਜ਼ਲ ਚਾਰਜ਼ਿਜ਼ ਲਾਗੂ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 99: **ਪਾਸ ਕੀਤਾ ਗਿਆ ਕਿ ਸਿਰਫ ਇੰਡਸਟਰੀਜ਼, ਕਾਰਾਂ ਅਤੇ ਮੋਟਰ ਸਾਈਕਲਾਂ ਦੇ ਚੱਲ ਰਹੇ ਸਰਵਿਸ ਸਟੇਸ਼ਨ ਅਤੇ ਏਜੰਸੀਆ, ਹੋਟਲਾਂ, ਢਾਬਿਆਂ, ਸ਼ਾਪਿੰਗ ਮਾਲਜ਼, ਸਿਨੇਮਿਆਂ ਅਤੇ ਹਸਪਤਾਲਾਂ ਤੋਂ ਹੀ ਬਣਦੇ ਡਿਸਪੋਜ਼ਲ ਚਾਰਜ਼ਿਜ਼ ਲਏ ਜਾਣ।**

ਏਜੰਡਾ ਨੰਬਰ: 4

ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਮਿਊਂਸਪਲ ਗੈਸਟ ਹਾਊਸ, ਕਮਿਸ਼ਨਰ ਰੈਸੀਡੈਂਸ ਕਮ ਕੈਂਪ ਆਫਿਸ ਐਟ ਮਿਊਂਸਪਲ ਕਲੋਨੀ, ਨੇੜੇ ਰੋਜ਼ ਗਾਰਡਨ, ਬਠਿੰਡਾ ਦੇ ਤਖਮੀਨੇ ਮੁਬਲਿਗ 13.60 ਲੱਖ ਰੁਪਏ ਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਾਨਯੋਗ ਮੇਅਰ ਸਾਹਿਬ ਵੱਲੋਂ ਮੰਨਜ਼ੂਰੀ ਦਿੱਤੀ ਗਈ ਸੀ। ਬਾਅਦ ਵਿੱਚ ਮਾਨਯੋਗ ਮੇਅਰ ਸਾਹਿਬ ਵੱਲੋਂ ਮੌਕਾ ਦੇਖਣ ਤੇ ਪਾਇਆ ਕਿ ਇਹ ਕੋਠੀ ਕਮਿਸ਼ਨਰ, ਨਗਰ ਨਿਗਮ ਲਈ ਰਾਖਵੀਂ ਹੈ। ਜੇਕਰ ਇਸ ਕੋਠੀ ਵਿੱਚ ਮੀਟਿੰਗ ਹਾਲ ਬਣਾ ਦਿੱਤਾ ਜਾਂਦਾ ਹੈ ਤਾਂ ਕਿਸੇ ਅਧਿਕਾਰੀ/ਕਰਮਚਾਰੀ ਲਈ ਇਸ ਕੋਠੀ ਦੀ ਵਰਤੋਂ ਕਰਨਾ ਸੰਭਵ ਨਹੀਂ ਹੋਵੇਗਾ। ਇਸ ਲਈ ਇਸ ਮੱਦ ਨੂੰ ਰੱਦ ਕਰਨ ਲਈ ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 100: ਨੋਟ ਕੀਤਾ। ਪ੍ਰਵਾਨ ਹੈ।**

**ਏਜੰਡਾ ਨੰਬਰ: 5**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੀ ਮੀਟਿੰਗ ਮਿਤੀ 14.12.2018 ਨੂੰ ਸਵੇਰੇ 11.00 ਵਜੇ ਨਗਰ ਨਿਗਮ ਦਫਤਰ ਵਿਖੇ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਸਾਹਿਬਾਨ ਹਾਜ਼ਰ ਆਏ:-

1. ਸ਼੍ਰੀ ਬਲਜੀਤ ਸਿੰਘ ਸਰਾਂ, ਮੈਂਬਰ ਸਬ-ਕਮੇਟੀ
2. ਸ਼੍ਰੀ ਅਸ਼ੇਸ਼ਰ ਪਾਸਵਾਨ, ਮੈਂਬਰ ਸਬ-ਕਮੇਟੀ
3. ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਮੈਂਬਰ ਸਬ-ਕਮੇਟੀ
4. ਸ਼੍ਰੀਮਤੀ ਸੁਖਵਿੰਦਰ ਕੋਰ, ਮੈਂਬਰ ਸਬ-ਕਮੇਟੀ

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਨ ਉਪਰੰਤ ਉਹਨਾਂ ਨੂੰ ਪਾਸ ਕਰਨ ਦੀ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ:-

1:

ਦਫਤਰੀ ਰਿਪੋਰਟ ਕਿ ਸ਼੍ਰੀ ਸ਼ਾਮ ਲਾਲ ਪੁੱਤਰ ਸ੍ਰੀ ਪਿਆਰੇ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸੀਵਰਮੈਨ ਕੰਮ ਕਰਦਾ ਸੀ । ਇਸ ਦੀ ਨੋਕਰੀ ਦੋਰਾਨ ਮਿਤੀ 25.12.2017 ਨੂੰ ਮੌਤ ਹੋ ਗਈ ਸੀ । ਇਸਦੇ ਪੁੱਤਰ ਸ਼੍ਰੀ ਰਾਜਵੀਰ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਸ਼੍ਰੀ ਸ਼ਾਮ ਲਾਲ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਦਰਜ਼ਾ ਚਾਰ ਦੀ ਆਸਾਮੀ ਤੇ ਨੋਕਰੀ ਤੇ ਰੱਖਿਆ ਜਾਵੇ। ਸ਼੍ਰੀ ਰਾਜਵੀਰ ਵੱਲੋਂ ਦਿੱਤੇ ਹਲਫੀਆ ਬਿਆਨ ਅਨੁਸਾਰ ਉਸ ਦੇ ਪਰਿਵਾਰ ਵਿੱਚ ਉਸਦੀ ਮਾਤਾ, ਦੋ ਭੈਣਾਂ ਅਤੇ ਇੱਕ ਭਰਾ ਹੈ। ਉਸ ਦੀਆਂ ਦੋਵੇਂ ਭੈਣਾਂ ਅਤੇ ਭਰਾ ਸ਼ਾਦੀਸ਼ੁਦਾ ਹਨ। ਸ਼੍ਰੀ ਰਾਜਵੀਰ ਤੇ ਭਰਾ ਸ਼੍ਰੀ ਰਾਜੂ ਪੁੱਤਰ ਸ਼੍ਰੀ ਸ਼ਾਮ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਨੋਕਰੀ ਕਰਦਾ ਹੈ। ਉਸ ਵੱਲੋਂ ਬਿਆਨ ਹਲਫੀਆ ਦਿੱਤਾ ਹੈ ਕਿ ਉਹ ਸ਼ਾਦੀਸ਼ੁਦਾ ਹੈ ਅਤੇ ਲਗਭਗ ਤਿੰਨ ਸਾਲਾਂ ਤੋਂ ਆਪਣੇ ਮਾਤਾ ਪਿਤਾ ਅਤੇ ਭੈਣ ਭਰਾਵਾਂ ਤੋਂ ਅਲਗ ਮਕਾਨ ਨੰ: ਐਮ.ਸੀ.ਬੀ. ਜੈਡ - 8 - 04515 ਗਲੀ ਨੰ: 16 ਏ ਸੰਜੇ ਨਗਰ ਵਿਖੇ ਰਹਿੰਦਾ ਹੈ, ਜਿਸਦੀ ਤਸਦੀਕ ਸ਼੍ਰੀ ਸੰਜੇ ਬਿਸਵਾਲ, ਨਗਰ ਕੋਂਸਲਰ ਬਠਿੰਡਾ ਵੱਲੋਂ ਆਪਣੇ ਮਿਤੀ 23.05.2018 ਰਾਹੀਂ ਕੀਤੀ ਹੈ। ਇਸ ਤੋਂ ਇਲਾਵਾ ਉਸ ਦੀਆਂ ਦੋ ਭੈਣਾਂ ਨੇ ਸ਼੍ਰੀ ਰਾਜਵੀਰ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਹਨਾਂ ਦੇ ਭਰਾ ਸ਼੍ਰੀ ਰਾਜਵੀਰ ਨੂੰ ਨੋਕਰੀ ਦਿੱਤੇ ਜਾਣ ਤੇ ਕੋਈ ਇਤਰਾਜ਼ ਨਹੀਂ ਹੈ ਅਤੇ ਸ਼੍ਰੀ ਰਾਜਵੀਰ ਹੀ ਕੁਆਰਾ ਹੈ। ਇਸ ਤੋਂ ਇਲਾਵਾ ਉਸ ਦੀ ਮਾਤਾ ਸ਼੍ਰੀਮਤੀ ਕਮਲਾ ਉਸਤੇ ਹੀ ਨਿਰਭਰ ਹੈ। ਉਕਤ ਤੋਂ ਇਲਾਵਾ ਮ੍ਰਿਤਕ ਦਾ ਹੋਰ ਕੋਈ ਵਾਰਸ ਨਹੀਂ ਹੈ। ਸ਼੍ਰੀ ਰਾਜਵੀਰ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਸ ਦੀ ਜਨਮ ਮਿਤੀ 01.01.1988 ਹੈ ਅਤੇ ਥੋੜਾ ਬਹੁਤਾ ਪੜ੍ਹਨਾ ਲਿਖਣਾ ਜਾਣਦਾ ਹੈ। ਸ਼੍ਰੀ ਰਾਜਵੀਰ ਦੀ ਮਾਤਾ ਸ਼੍ਰੀਮਤੀ ਕਮਲਾ ਵੱਲੋਂ ਦਿੱਤੇ ਗਏ ਹਲਫੀਆ ਬਿਆਨ ਅਨੁਸਾਰ ਉਸ ਕੋਲ ਰਹਿਣ ਲਈ ਇੱਕ ਘਰ 120 ਮੁਰੱਬਾ ਗੱਜ਼ ਦਾ ਹੈ ਅਤੇ ਹੋਰ ਕੋਈ ਚੱਲ ਅਤੇ ਅਚੱਲ ਸੰਪਤੀ ਨਹੀਂ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸੀਵਰਮੈਨ ਦੀ ਆਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ।ਇਸ ਲਈ ਸ਼੍ਰੀ ਰਾਜਵੀਰ ਪੁੱਤਰ ਸ਼੍ਰੀ ਸ਼ਾਮ ਲਾਲ ਸੀਵਰਮੈਨ ਦੀ ਮੋਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕੱਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ 31/2011/5 ਐਫ.ਈ. - 1/301 ਮਿਤੀ 21.02.2011 ਦੁਆਰਾ ਕੇਸ ਫਿੱਟ ਜਾਪਦਾ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਲਏ ਫੈਸਲੇ ਅਨੁਸਾਰ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਕੇਸ ਮੁੜ੍ਹ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

2:

ਰਿਪੋਰਟ ਸਿਹਤ ਸ਼ਾਖਾ ਕਿ ਸਵ: ਸ਼੍ਰੀਮਤੀ ਸੰਤਰਾ ਪਤਨੀ ਸ੍ਰੀ ਬੁੱਧ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਕੰਮ ਕਰਦੀ ਸੀ । ਇਸ ਦੀ ਮਿਤੀ 11.05.2018 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਵਿੱਕੀ ਪੁੱਤਰ ਸ਼੍ਰੀ ਬੁੱਧ ਰਾਮ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੀ ਮਾਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਵਿੱਕੀ ਪੁੱਤਰ ਸ਼੍ਰੀ ਬੁੱਧ ਰਾਮ ਵਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਪਿਤਾ, ਇਕ ਭੈਣ ਅਤੇ ਦੋ ਭਰਾ ਹਨ, ਜਿਹਨਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਵਿੱਕੀ ਨੂੰ ਤਰਸ ਦੇ ਅਧਾਰ ਤੇ ਉਸਦੀ ਮਾਤਾ ਦੀ ਨੋਕਰੀ ਦਿੱਤੀ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਵਿੱਕੀ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.04.1988 ਹੈ। ਇੱਥੇ ਇਹ ਦੱਸਣਯੋਗ ਹੈ ਸ਼੍ਰੀ ਵਿੱਕੀ ਦੇ ਮਾਤਾ ਪਿਤਾ ਦੀ ਅਣਬਣ ਹੋਣ ਕਾਰਨ ਵਿੱਕੀ ਆਪਣੀ ਮਾਤਾ ਸਵ: ਸੰਤਰਾ ਪਤਨੀ ਬੁੱਧ ਰਾਮ ਨਾਲ ਅਲੱਗ ਰਹਿੰਦਾ ਸੀ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਵਿੱਕੀ ਨੂੰ ਉਸਦੀ ਮਾਤਾ ਸਵ: ਸੰਤਰਾ ਪਤਨੀ ਸ਼੍ਰੀ ਬੁੱਧ ਰਾਮ ਸਫਾਈ ਸੇਵਿਕਾ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਕੀਤੀ ਗਈ ਹੈ।

ਬਿਨੈਕਾਰ ਦੇ ਹਲਫੀਆ ਬਿਆਨ ਅਤੇ ਸ਼੍ਰੀ ਸੰਜੇ, ਕੌਂਸਲਰ ਵੱਲੋਂ ਲਿਖ ਕੇ ਦਿੱਤੇ ਅਨੁਸਾਰ ਵਿੱਕੀ ਪੁੱਤਰ ਸ਼੍ਰੀ ਬੁੱਧ ਰਾਮ ਆਪਣੀ ਮਾਤਾ ਨਾਲ ਪਰਿਵਾਰ ਤੋਨ ਅਲਗ ਰਹਿੰਦਾ ਸੀ। ਸ਼੍ਰੀ ਵਿੱਕੀ ਪੁੱਤਰ ਸ਼੍ਰੀ ਬੁੱਧ ਰਾਮ ਵੱਲੋਂ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਪਿਤਾ ਸ਼੍ਰੀ ਬੁੱਧ ਰਾਮ, ਨਗਰ ਨਿਗਮ ਤੋਂ ਬਤੌਰ ਸਫਾਈ ਸੇਵਕ ਰਿਟਾਇਰ ਹੈ ਅਤੇ ਉਸਦਾ ਭਰਾ ਨਗਰ ਨਿਗਮ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਹੈ। ਉਸਨੇ ਲਿਖਿਆ ਹੈ ਕਿ ਉਹ ਆਪਣੇ ਪਿਤਾ ਅਤੇ ਭਰਾ ਤੋਂ ਅਲਗ ਆਪਣੀ ਮਾਤਾ ਨਾਲ ਰਹਿੰਦਾ ਸੀ।

ਤਰਸ ਦੇ ਆਧਾਰ ਤੇ ਨੋਕਰੀ ਦੇਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਲਏ ਫੈਸਲੇ ਅਨੁਸਾਰ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਕੇਸ ਮੁੜ੍ਹ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

3:

ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਫਾਇਰ ਬ੍ਰਿਗੇਡ, ਨਗਰ ਨਿਗਮ ਬਠਿੰਡਾ ਵਿਖੇ 7 ਆਸਾਮੀਆਂ ਲੀਡਿੰਗ ਫਾਇਰਮੈਨਾਂ ਦੀਆ ਪ੍ਰਮਾਣਿਤ ਹਨ। ਇਸ ਸਮੇਂ ਫਾਇਰ ਬ੍ਰਿਗੇਡ ਬਠਿੰਡਾ ਵਿਖੇ 6 ਲੀਡਿੰਗ ਫਾਇਰਮੈਨ ਕੰਮ ਕਰ ਰਹੇ ਹਨ। ਫਾਇਰ ਸਟੇਸ਼ਨ ਤੇ 3 ਲੀਡਿੰਗ ਫਾਇਰਮੈਨ ਰਿਟਾਇਰ ਹੋਣ ਕਰਕੇ 3 ਪੋਸਟਾਂ ਖਾਲੀ ਹੋ ਗਈਆਂ ਹਨ। ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਪੰਜਾਬ ਜੀ ਦੇ ਯਾਦ ਪੱਤਰ ਨੰ: ਟਸਸ-ਡਸਸ/ਪਟਿਆਲਾ-09/359-400 ਮਿਤੀ 04.01.2010 ਰਾਹੀਂ ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਨੂੰ ਫਾਇਰਮੈਨਾਂ ਵਿੱਚੋਂ ਹੀ 100 ਪ੍ਰਤੀਸ਼ਤ ਤਰੱਕੀ ਰਾਹੀਂ ਭਰਿਆ ਜਾ ਸਕਦਾ ਹੈ। ਮੈਟ੍ਰਿਕ ਸਮੇਤ 10 ਸਾਲ ਦਾ ਤਜ਼ਰਬਾ ਅਤੇ ਸੀਨੀਅਰਤਾ ਸੂਚੀ ਅਨੁਸਾਰ ਮੈਰਿਟ ਅਨੁਸਾਰ ਤਰੱਕੀ ਦਿੱਤੀ ਜਾ ਸਕਦੀ ਹੈ। ਸ਼੍ਰੀ ਅਸ਼ਵਨੀ ਕੁਮਾਰ, ਸ਼੍ਰੀ ਪ੍ਰਮੋਦ ਕੁਮਾਰ ਅਤੇ ਸ਼੍ਰੀ ਸੁਖਦੇਵ ਸਿੰਘ ਫਾਇਰਮੈਨ ਕੰਮ ਕਰ ਰਹੇ ਹਨ। ਇਹ ਕਰਮਚਾਰੀ ਲੀਡਿੰਗ ਫਾਇਰਮੈਨ ਦੀ ਤਰੱਕੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ ਅਤੇ ਇੰਨ੍ਹਾਂ ਵਿਰੁੱਧ ਕੋਈ ਵੀ ਸ਼ਿਕਾਇਤ, ਵਿਜ਼ੀਲੈਂਸ ਕੇਸ ਅਤੇ ਕੋਈ ਵੀ ਵਿਭਾਗੀ ਪੜਤਾਲ ਆਦਿ ਲੰਬਿਤ ਨਹੀਂ ਹੈ। ਸੋ, ਸ਼੍ਰੀ ਅਸ਼ਵਨੀ ਕੁਮਾਰ, ਪ੍ਰਮੋਦ ਕੁਮਾਰ ਅਤੇ ਸੁਖਦੇਵ ਸਿੰਘ ਫਾਇਰਮੈਨਾਂ ਨੂੰ ਸੀਨੀਅਰਤਾ ਸੂਚੀ ਅਨੁਸਾਰ ਬਤੌਰ ਲੀਡਿੰਗ ਫਾਇਰਮੈਨ ਪਦ-ਉਨੱਤ ਕਰਨ ਖਾਤਰ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਲਏ ਫੈਸਲੇ ਅਨੁਸਾਰ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਕੇਸ ਮੁੜ੍ਹ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

4:

ਰਿਪੋਰਟ ਸਿਹਤ ਸ਼ਾਖਾ ਕਿ ਬਬਲੀ ਪਤਨੀ ਸ਼੍ਰੀ ਚਰਨਜੀਤ, ਸਫਾਈ ਸੇਵਿਕਾ ਨੂੰ ਦਫਤਰੀ ਹੁਕਮ ਨੰਬਰ 52 ਮਿਤੀ 25.03.2011 ਰਾਹੀਂ ਸਫਾਈ ਸੇਵਿਕਾ ਨਿਯੁਕਤ ਕੀਤਾ ਗਿਆ ਸੀ। ਉਸ ਵੱਲੋਂ ਮਿਤੀ 30.03.2011 ਰਾਹੀਂ ਪੇਸ਼ ਕੀਤੇ Medical Examination Fitness Certificate ਵਿੱਚ ਡਾਕਟਰ ਵੱਲੋਂ ਉਸਦੀ ਉਮਰ 37 ਸਾਲ ਦੀ ਬਜਾਏ 46 ਸਾਲ ਜਾਪਦੀ ਲਿਖ ਦਿੱਤਾ ਗਿਆ ਹੈ। ਜਦਕਿ ਬਬਲੀ ਪਤਨੀ ਚਰਨਜੀਤ ਵੱਲੋਂ ਪੇਸ਼ ਕੀਤੇ ਹਲਫੀਆ ਬਿਆਨ, ਚੋਣ ਕਮਿਸ਼ਨ ਦਾ ਸ਼ਨਾਖਤੀ ਕਾਰਡ, ਰਾਸ਼ਨ ਕਾਰਡ ਆਦਿ ਅਨੁਸਾਰ ਉਸਦੀ ਜਨਮ ਮਿਤੀ 01.01.1974 ਬਣਦੀ ਹੈ। ਪ੍ਰਾਰਥੀ ਵੱਲੋਂ ਮਿਤੀ 29.04.2011 ਅਤੇ 05.05.2011 ਨੂੰ Medical Examination Fitness Certificate Test ਦੁਬਾਰਾ ਕਰਾਉਣ ਦੀ ਬੇਨਤੀ ਕੀਤੀ ਗਈ ਸੀ। ਇਸ ਉਪਰੰਤ ਨਗਰ ਨਿਗਮ ਵੱਲੋਂ 2122/ਐਚ ਮਿਤੀ 11.05.2011 ਨੂੰ

ਸਿਵਲ ਸਰਜਨ ਬਠਿੰਡਾ ਨੂੰ ਉਮਰ ਦੁਬਾਰਾ ਤਸਦੀਕ ਕਰਨ ਲਈ ਲਿਖਿਆ ਗਿਆ। ਜਿਸਤੇ ਬਣਦੀ ਕਾਰਵਾਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਪਾਸੋਂ ਕਰਵਾ ਕੇ ਸਿਵਲ ਸਰਜ਼ਨ ਬਠਿੰਡਾ ਵੱਲੋਂ ਪੱਤਰ ਨੰ: ਸਟੈਨੋ/2011/810 ਮਿਤੀ 22.09.2011 ਰਾਹੀਂ ਰਿਪੋਰਟ ਅਨੁਸਾਰ ਸਬੰਧਤ ਕਰਮਚਾਰਨ ਦੀ ਉਮਰ 37 ਸਾਲ ਜਾਪਦੀ ਹੋਣ ਬਾਰੇ ਲਿਖ ਕੇ ਭੇਜਿਆ ਗਿਆ। ਇਸ ਸਬੰਧੀ ਮਾਨਯੋਗ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਨੂੰ ਪੱਤਰ ਨੰ: 1761/ਐਚ.ਓ ਮਿਤੀ 21.06.2018 ਰਾਹੀਂ ਲਿਖਿਆ ਗਿਆ ਸੀ, ਪਰੰਤੂ ਇਸ ਪੱਤਰ ਦਾ ਸਰਕਾਰ ਪਾਸੋਂ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ। ਹੁਣ ਕਰਮਚਾਰਨ ਵੱਲੋਂ ਵਾਰ-ਵਾਰ ਬੇਨਤੀ ਕੀਤੀ ਜਾ ਰਹੀ ਹੈ ਕਿ ਉਸਦਾ ਕੇਸ ਹਾਊਸ ਵਿੱਚ ਭੇਜਿਆ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਰਿਪੋਰਟ ਕੀਤੀ ਹੈ ਕਿ "ਚਾਰ ਮੈਂਬਰੀ ਕਮੇਟੀ ਦਾ ਗਠਨ ਕਰਕੇ ਉਹਨਾ ਦੀ recommendation ਲਈ ਜਾਵੇ"। ਇਸ ਸਬੰਧੀ ਕੇਸ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਨ ਲਈ ਹੁਕਮ ਨੰਬਰ 176 ਮਿਤੀ 01.10.2015 ਰਾਹੀਂ ਬਣੀ ਹੋਈ ਸਬ-ਕਮੇਟੀ ਵਿੱਚ ਵਿਚਾਰ ਹਿੱਤ।

**ਉਕਤ ਸਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 02.11.2018 ਵਿੱਚ ਲਏ ਫੈਸਲੇ ਅਨੁਸਾਰ ਇਸ ਸਬੰਧੀ ਉਮੀਦਵਾਰ ਆਪਣੇ ਜਨਮ ਸਰਟੀਫਿਕੇਟ ਵਿੱਚ ਦਰੁੱਸਤੀ ਕਰਵਾ ਕੇ ਦਰਖਾਸਤ ਦੇਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।**

**ਹੁਣ ਬਬਲੀ ਪਤਨੀ ਸ਼੍ਰੀ ਚਰਨਜੀਤ, ਸਫਾਈ ਸੇਵਿਕਾ ਵੱਲੋਂ ਪਰੂਫ ਬਾਜੋਂ ਆਪਣੇ ਜਨਮ ਸਰਟੀਫਿਕੇਟ ਨਗਰ ਨਿਗਮ ਦਫਤਰ ਵਿਖੇ ਜਮਾਂ ਕਰਵਾ ਦਿੱਤੀ ਗਈ ਹੈ। ਕੇਸ ਮੁੜ੍ਹ ਤੋਂ ਸਬ-ਕਮੇਟੀ ਦੇ ਵਿਚਾਰ ਹਿੱਤ।**

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

5:

ਦਫਤਰੀ ਰਿਪੋਰਟ ਕਿ ਸ਼੍ਰੀ ਜੁਗਲ ਕਿਸ਼ੋਰ ਪੁੱਤਰ ਸ਼੍ਰੀ ਮੋਹਨ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਮਾਲੀ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 07.09.2015 ਨੂੰ ਸਰਵਿਸ ਦੌਰਾਨ ਹੋ ਗਈ ਸੀ। ਉਸਦੀ ਪਤਨੀ ਸ਼੍ਰੀਮਤੀ ਨਿਰਮਲਾ ਦੇਵੀ ਵੱਲੋਂ ਮਿਤੀ 04.01.2016 ਨੂੰ ਤਰਸ ਦੇ ਆਧਾਰ ਤੇ ਨੌਕਰੀ ਲਈ ਦਰਖਾਸਤ ਦਿੱਤੀ ਸੀ। ਪਰੰਤੂ ਉਸ ਵੱਲੋਂ ਪੇਸ਼ ਵਿਦਿਅਕ ਸਬੂਤਾਂ ਵਿੱਚ ਉਸਦਾ ਨਾਮ ਨੀਲਮ ਰਾਣੀ ਸੀ। ਇਸ ਕਾਰਨ ਤਰਸ ਦੇ ਆਧਾਰ ਤੇ ਉਸਦਾ ਕੇਸ ਵਿਚਾਰਿਆ ਨਹੀਂ ਜਾ ਸਕਿਆ।

ਹੁਣ ਸ਼੍ਰੀਮਤੀ ਨਿਰਮਲਾ ਦੇਵੀ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਸਦੀ ਲੜਕੀ ਮਾਨਸੀ ਅਜੇ 8 ਸਾਲ ਦੀ ਹੈ। ਉਸਦੇ ਬਾਲਗ ਹੋਣ ਤੱਕ ਤਰਸ ਦੇ ਆਧਾਰ ਤੇ ਨੌਕਰੀ ਲਈ ਆਸਾਮੀ ਰਾਖਵੀਂ ਰੱਖੀ ਜਾਵੇ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

6:

ਦਫਤਰੀ ਰਿਪੋਰਟ ਕਿ ਸ਼੍ਰੀ ਗਗਨਦੀਪ ਸਿੰਘ ਕਲੱਰਕ ਨੂੰ ਉਸਦੇ ਪਿਤਾ ਸ਼੍ਰੀ ਬਿਰਜ ਸਿੰਘ ਕਲੱਰਕ ਦੀ ਮੌਤ ਹੋਣ ਤੇ ਮਿਤੀ 22.04.2010 ਨੂੰ ਬਤੌਰ ਕਲੱਰਕ ਤਰਸ ਦੇ ਆਧਾਰ ਤੇ ਨਿਯੁਕਤ ਕੀਤਾ ਗਿਆ ਸੀ। ਇਸਤੋਂ ਬਾਦ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 2.01.2013 ਰਾਹੀਂ ਇਸਦਾ ਪਰਖ ਅਧੀਨ ਸਮਾਂ ਇੱਕ ਸਾਲ ਲਈ ਹੋਰ ਵਧਾਇਆ ਗਿਆ ਸੀ।

ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਨੰ: 6 ਮਿਤੀ 25.01.2013 ਰਾਹੀਨ ਡਿਊਟੀ ਵਿੱਚ ਲਾਪਰਵਾਹੀ ਵਰਤਣ ਕਾਰਨ ਤੁਰੰਤ ਮੁਅਤਲ ਕੀਤਾ ਗਿਆ ਸੀ ਅਤੇ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਨੰ: 24 ਮਿਤੀ 20.03.2013 ਰਾਹੀਂ ਪੈਡਿੰਗ ਇਨਕੁਆਰੀ ਬਹਾਲ ਕੀਤਾ ਗਿਆ ਸੀ। ਸ਼੍ਰੀ ਗਗਨਦੀਪ ਸਿੰਘ ਕਲੱਰਕ ਨੂੰ ਦੋਸ਼ ਪੱਤਰ ਨੰ: 739 ਮਿਤੀ 12.02.2013 ਜਾਰੀ ਕੀਤਾ ਗਿਆ ਸੀ। ਇਸ ਕੇਸ ਵਿੱਚ ਪੜਤਾਲੀਆ ਅਫਸਰ ਦੀ ਰਿਪੋਰਟ ਅਤੇ ਇਸਦੀ ਬੇਨਤੀ ਨੂੰ ਮੁੱਖ ਰਖਦੇ ਹੋਏ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 20.09.2013 ਰਾਹੀਂ ਚੇਤਾਵਨੀ ਦਿੱਤੀ ਗਈ ਹੈ ਕਿ ਭੱਵਿਖ ਵਿੱਚ ਇਸਨੂੰ ਦੁਬਾਰਾ ਨਾ ਦੁਹਰਾਇਆ ਜਾਵੇ। ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਇਸ ਕਰਮਚਾਰੀ ਦਾ ਪਰਖ ਕਾਲ ਸਮਾਂ ਤਸੱਲੀ ਬਖਸ਼ ਘੋਸ਼ਿਤ ਕੀਤਾ ਸੀ। ਪਰੰਤੂ ਆਡਿਟ ਵੱਲੋਂ ਇਤਰਾਜ਼ ਲਗਾਇਆ ਹੈ ਕਿ ਹਾਊਸ ਤੋਂ ਮਤਾ ਪਵਾਇਆ ਜਾਵੇ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

7:

ਰਿਪੋਰਟ ਸਿਹਤ ਸ਼ਾਖਾ ਕਿ ਬਠਿੰਡਾ ਸ਼ਹਿਰ ਦੀ ਆਬਾਦੀ ਅਤੇ ਹਦੂਦ ਦਿਨੋ ਦਿਨ ਵਧਦੀ ਜਾ ਰਹੀ ਹੈ ਅਤੇ ਸਫਾਈ ਦਾ ਕੰਮ ਵੀ ਉਸੇ ਮਿਕਦਾਰ ਵਿੱਚ ਵੱਧ ਰਿਹਾ ਹੈ। ਸ਼ਹਿਰ ਵਿੱਚ ਸਫਾਈ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਡੇ-ਸਵੀਪਿੰਗ ਦੇ ਨਾਲ-ਨਾਲ ਨਾਈਟ ਸਵੀਪਿੰਗ ਕੀਤੀ ਜਾਂਦੀ ਹੈ ਅਤੇ ਡੇਲੀ ਚਲਾਨ ਕੱਟਣ ਦਾ ਕੰਮ, ਗੰਦੇ ਨਾਲਿਆਂ ਦੀ ਸਫਾਈ ਅਤੇ ਰੋਡ ਗੈਂਗ, ਕਾਊ ਡਾਇਟਿੰਗ, ਅਵਾਰਾ ਪਸ਼ੂਆਂ ਨੂੰ ਫੜਨਾ, ਢੱਠਿਆਂ ਨੂੰ ਫੜ੍ਹਨ ਦਾ ਕੰਮ ਵੀ ਦੇਖਣਾ ਪੈਂਦਾ ਹੈ ਅਤੇ ਸਲਾਟਰ ਹਾਊਸ ਪ੍ਰਬੰਧ ਵੀ ਅਤਿ ਜਰੂਰੀ ਹੈ। ਸਵੱਛ ਭਾਰਤ ਮਿਸ਼ਨ ਦੀ ਡਾਕ ਦਾ ਵੀ ਬਹੁਤ ਕੰਮ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸਵੱਛ ਭਾਰਤ ਸਰਵੇਖਣ 2019 ਦੇ ਅਧੀਨ ਓ.ਡੀ.ਐਫ. + ਬਠਿੰਡਾ ਦੀ 7 ਸਟਾਰ ਰੈਕਿੰਗ, ਸ਼ਹਿਰ ਨੂੰ ਭਾਰਤ ਵਿੱਚ ਪਹਿਲੇ ਸਥਾਨ ਤੇ ਲਿਆਉਣ ਲਈ ਨਗਰ ਨਿਗਮ ਬਠਿੰਡਾ ਨੂੰ ਬਹੁਤ ਉੱਚੇ ਪੱਧਰ ਤੇ ਕੰਮ ਕਰਨ ਦੀ ਲੋੜ੍ਹ

ਹੈ। ਜਿਸ ਲਈ ਫੀਲਡ ਸਟਾਫ ਦੀ ਵੀ ਅਤਿ ਜਰੂਰਤ ਹੈ। ਇਸ ਸਮੇਂ ਨਗਰ ਨਿਗਮ ਬਠਿੰਡਾ ਵਿਖੇ 8 ਜ਼ੋਨ ਹਨ ਅਤੇ ਇੱਕ ਜ਼ੋਨ ਵਿੱਚ ਘੱਟੋ-ਘੱਟ ਜੇਕਰ ਦੋ ਸੁਪਰਵਾਇਜ਼ਰ ਲਗਾਏ ਜਾਣ ਤਾਂ ਇੰਨ੍ਹਾਂ ਜ਼ੋਨਾਂ ਦੀ ਸਫਾਈ ਦੇ ਕੰਮ ਅਤੇ ਸੈਨੀਟੇਸ਼ਨ ਪ੍ਰਬੰਧਾ ਦੀ ਸੁਪਰਵੀਜ਼ਨ ਲਈ 16 ਸੈਨਟਰੀ ਸੁਪਰਵਾਇਜ਼ਰਾਂ ਦੀ ਜਰੂਰਤ ਹੈ। ਪਰੰਤੂ ਇਸ ਸਮੇਂ ਨਗਰ ਨਿਗਮ ਵਿਖੇ ਕੇਵਲ 8 ਸੈਨਟਰੀ ਸੁਪਰਵਾਇਜ਼ਰ ਹੀ ਕੰਮ ਕਰ ਰਹੇ ਹਨ। ਇਸ ਲਈ ਸਵੱਛ ਭਾਰਤ ਮੁਹਿੰਮ ਤਹਿਤ ਸਫਾਈ ਦੇ ਕੰਮ ਅਤੇ ਸ਼ਹਿਰ ਦੀ ਵਧਦੀ ਹਦੂਦ ਨੂੰ ਮੱਦੇ ਨਜ਼ਰ ਰਖਦੇ ਹੋਏ 8 ਸੈਨਟਰੀ ਸੁਪਰਵਾਇਜ਼ਰਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਸਮੂਹ ਕੌਂਸਲਰ ਸਾਹਿਬਾਨ ਵੱਲੋਂ ਫਾਇਲ ਵਾਚਣ ਉਪਰੰਤ ਫੈਸਲਾ ਲਿਆ ਗਿਆ ਕਿ ਸ਼ਹਿਰ ਦੀ ਆਬਾਦੀ ਅਤੇ ਹਦੂਦ ਨੂੰ ਦੇਖਦੇ ਹੋਏ 8 ਦੀ ਥਾਂ ਤੇ 4 ਸੈਨਟਰੀ ਸੁਪਰਵਾਇਜ਼ਰਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

8:

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਸਾਹਿਲ ਸ਼ਰਮਾ ਨੂੰ ਦਫਤਰੀ ਹੁਕਮ ਨੰ: 185 ਮਿਤੀ 03.11.2016 ਰਾਹੀਂ ਤਿੰਨ ਸਾਲ ਦੇ ਪਰਖਕਾਲ ਸਮੇਂ ਲਈ ਬਤੋਰ ਕਲੱਰਕ ਭਰਤੀ ਕੀਤਾ ਗਿਆ ਸੀ ਅਤੇ ਕਰਮਚਾਰੀ ਮਿਤੀ 04.11.2016 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋ ਗਿਆ ਸੀ।

ਕਰਮਚਾਰੀ ਨੇ ਤਰਸ ਦੇ ਆਧਾਰ ਤੇ ਨੌਕਰੀ ਲੈਣ ਲਈ ਮਿਤੀ 07.07.2015 ਨੂੰ ਆਪਣੀ ਦਰਖਾਸਤ ਦਿੱਤੀ ਸੀ। ਇਸ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਰਮਚਾਰੀ ਦਾ ਪਰਖਕਾਲ ਸਮਾਂ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 13.11.2018 ਰਾਹੀਂ ਤਿੰਨ ਸਾਲਾਂ ਤੋਂ ਘਟਾ ਕੇ ਦੋ ਸਾਲ ਕਰ ਦਿੱਤਾ ਗਿਆ ਸੀ। ਕਰਮਚਾਰੀ ਦਾ ਦੋ ਸਾਲ ਦਾ ਸਮਾਂ ਪੂਰਾ ਹੋ ਚੁੱਕਾ ਹੈ। ਕਰਮਚਾਰੀ ਬਿਲਡਿੰਗ ਸ਼ਾਖਾ ਵਿੱਚ ਕੰਮ ਕਰ ਰਿਹਾ ਹੈ। ਕਰਮਚਾਰੀ ਦਾ ਪਰਖਕਾਲ ਸਮਾਂ ਤਸੱਲੀਬਖਸ਼ ਘੋਸ਼ਿਤ ਕਰਨ ਤੋਂ ਪਹਿਲਾਂ ਸਬੰਧਤ ਬਰਾਂਚ ਤੋਂ ਕਰਮਚਾਰੀ ਦੇ ਕੰਮਕਾਜ਼, ਆਚਰਣ, ਪੈਡਿੰਗ ਇਨਕੁਆਰੀ ਆਦਿ ਬਾਰੇ ਰਿਪੋਰਟ ਲੈਣ ਲਈ ਰਿਪੋਰਟ ਪੇਸ਼ ਹੈ ਜੀ। ਇਸ ਸਬੰਧੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਟਾਇਪ ਟੈਸਟ ਪੇਸ਼ ਕਰੋ। ਹੁਣ ਕਰਮਚਾਰੀ ਦਾ ਟਾਇਪ ਟੈਸਟ ਲੈਣ ਲਈ ਰਿਪੋਰਟ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ :** | **ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਉਕਤ ਅਨੁਸਾਰ ਕੇਸਾਂ ਤੇ ਫੈਸਲਾ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 101:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ. ਟੂ ਕਮਿਸ਼ਨਰ
3. ਨਿਗਰਾਨ ਇੰਜੀਨੀਅਰ
4. ਸਮੂਹ ਨਿਗਮ ਇੰਜੀਨੀਅਰ/ ਸਹਾਇਕ ਨਿਗਮ ਇੰਜੀਨੀਅਰ
5. ਮਿਉਂਸਪਲ ਟਾਊਨ ਪਲੈਨਰ
6. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
7. ਡਿਪਟੀ ਕੰਟਰੋਲਰ (ਲੋਕਲ ਆਡਿਟ)
8. ਸਮੂਹ ਸੁਪਰਡੈਂਟ
9. ਸਿਹਤ ਅਫਸਰ/ਚੀਫ ਸੈਨਟਰੀ ਇੰਸਪੈਕਟਰ
10. ਸਹਾਇਕ ਮੰਡਲ ਫਾਇਰ ਅਫਸਰ
11. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਅਤੇ 2
12. ਸਟੋਰ ਕੀਪਰ

ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

**ਸੁਪਰਡੈਂਟ**
**ਨਗਰ ਨਿਗਮ,ਬਠਿੰਡਾ।**